ਬਹੁਜਨ ਸਮਾਜ ਦੇ ਰਹਿਬਰਾਂ ਦੀ ਵਿਚਾਰਧਾਰਾ ਦੀ ਤਰਜ਼ਮਾਨੀ ਕਰਦਾ

# ਬਹੁਜਨ ਉਜਾਲਾ

ਸਾਲ - ਪਹਿਲਾ ਅੰਕ - ਪਹਿਲਾ ਮਾਸਿਕ ਮੈਗਜ਼ੀਨ ਜੂਨ - 2025

ਮੁੱਖ ਸੰਪਾਦਕ : ਸੁਰਤੀ ਲਾਲ ਮਾਧੋਪੁਰੀ, ਮੋ. 62849-38848, Email : bahujanujala28@gmail.com

## ਸਤਿਗੁਰੂ ਕਬੀਰ ਜੀ ਦੇ 627ਵੇਂ ਪਾਵਨ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ



ਸਤਿਗੁਰੂ ਕਬੀਰ ਜੀ ਦੇ ਪ੍ਰਕਾਸ਼ ਦਿਹਾੜੇ 11 ਜੂਨ 2025 ਅਤੇ ਆਦਿ ਧਰਮ ਮੰਡਲ ਦੇ ਸ਼ਤਾਬਦੀ ਵਰ੍ਹੇ (11-12 ਜੂਨ 2025 ਤੋਂ 11-12 ਜੂਨ 2026) ਨੂੰ ਸਮਰਪਿਤ

ਸੰਪਾਦਕੀ.....

## ਕਹਤ ਕਬੀਰ ਅਕੁਲੁ ਨਹੀ ਚੇਤਿਆ, ਬਿਖਿਆ ਸਿਉ ਲਪਟਾਨਾ॥

ਕ੍ਰਾਂਤੀਕਾਰੀ ਬਾਣੀ ਦੇ ਰਚੇਤਾ, ਇਨਕਲਾਬੀ ਰਹਿਬਰ ਸਤਿਗੁਰੂ ਕਬੀਰ ਜੀ ਦੇ 627ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ। ਬਹੁਜਨ ਉਜਾਲਾ ਦੀ ਸਮੁੱਚੀ ਟੀਮ ਬਹੁਤ ਵੱਡੀ ਖ਼ੁਸ਼ੀ ਅਤੇ ਮਾਣ ਮਹਿਸੂਸ ਕਰਦੀ ਹੈ ਕਿ ਉਹ ਆਪਣਾ ਪਲੇਠਾ ਅੰਕ ਸਤਿਗੁਰੂ ਕਬੀਰ ਜੀ ਦੇ ਪ੍ਰਕਾਸ਼ ਦਿਹਾੜੇ ਤੇ ਪ੍ਰਕਾਸ਼ਿਤ ਕਰ ਰਹੇ ਹਨ। ਇਸ ਅੰਕ ਵਿੱਚ ਅਸੀਂ ਮਾਨਯੋਗ ਸ੍ਰੀ ਕੁੰਦਨ ਲਾਲ ਬੱਧਣ ਬੁੱਧਿਸ਼ਟ ਜੀ ਦਾ ਲੇਖ "ਸਾਸਤਰ ਵਿੱਦਿਆ ਦੇ ਮਹਾਂਧਨੀ : ਸਤਿਗੁਰ ਕਬੀਰ ਜੀ" ਧੰਨਵਾਦ ਸਹਿਤ ਪ੍ਰਕਾਸ਼ਿਤ ਕਰ ਰਹੇ ਹਾਂ।

ਆਦਿ ਧਰਮ ਮੰਡਲ ਦੀ ਪਹਿਲੀ ਮੀਟਿੰਗ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦੀ ਪ੍ਰਧਾਨਗੀ ਹੇਠ ਮਿਤੀ 11-12 ਜੂਨ 1926 ਨੂੰ ਪਿੰਡ ਮੁਗੋਵਾਲ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਈ। ਇਸ ਦੇ ਨਾਲ ਹੀ 11-12 ਜੂਨ 2025 ਤੋਂ ਆਦਿ ਧਰਮ ਮੰਡਲ ਦਾ ਸ਼ਤਾਬਦੀ ਵਰ੍ਹਾ ਸ਼ੁਰੂ ਹੋ ਰਿਹਾ ਹੈ। ਸਾਡੇ ਮਹਾਨ ਸੰਘਰਸ਼ੀ, ਸਿਰੜੀ, ਅਣਖੀ ਯੋਧਿਆਂ ਨੂੰ ਅਸੀਂ ਸਿਜਦਾ ਕਰਦੇ ਹਾਂ ਜਿਨ੍ਹਾਂ ਨੇ ਸਾਨੂੰ ਸਾਡੇ ਰਹਿਬਰਾਂ ਦੇ ਮਾਰਗ ਤੇ ਚੱਲਣ ਦੀ ਜਾਂਚ ਸਿਖਾਈ। 'ਬਹੁਜਨ ਉਜਾਲਾ' ਇਸ ਸ਼ਤਾਬਦੀ ਵਰ੍ਹੇ ਵਿਚ ਆਦਿ ਧਰਮ ਮੰਡਲ ਦੇ ਸੁਨੇਹੇ ਨੂੰ ਜਨ ਜਨ ਤੱਕ ਪਹੁੰਚਾਉਣ ਦਾ ਪੁਰਯੋਗ ਯਤਨ ਕਰੇਗਾ।

ਸਤਿਗੁਰੂ ਕਬੀਰ ਜੀ ਦੀ ਬਾਣੀ ਵਿੱਚ ਮਨੁੱਖੀ ਜੀਵਨ ਜਾਚ ਦੇ ਹਰ ਪਹਿਲੂ ਤੇ ਬਹੁਤ ਤਰਕ ਭਰਪੂਰ ਅਤੇ ਸੁਚੱਜੀ ਅਗਵਾਈ ਪ੍ਰਦਾਨ ਕਰਦੀ ਹੈ। ਸਤਿਗੁਰੂ ਜੀ ਨੇ ਆਪਣੀ ਬਾਣੀ ਵਿੱਚ ਸਬੰਧਤ ਵਿਚਾਰਾਂ ਨਾਲ ਬਹੁਤ ਹੀ ਢੁੱਕਵੇਂ ਅਤੇ ਸੌਖੇ ਤੇ ਜਲਦ ਸਮਝ ਆਉਣ ਵਾਲੇ ਸ਼ਬਦਾਂ ਦੀ ਚੋਣ ਕੀਤੀ ਹੈ। ਆਪ ਜੀ ਨੇ ਆਪਣੀ ਬਾਣੀ ਦੁਆਰਾ ਨਿਰਸੰਕੋਚ ਹੋ ਕੇ ਪ੍ਰਚਲਤ ਰਸਮਾਂ, ਬੇਲੋੜੇ ਰੀਤੀ-ਰਿਵਾਜ਼ਾਂ ਅਤੇ ਫੋਕਟ ਕਰਮ ਕਾਂਡਾਂ ਵਿਰੁੱਧ ਨਿਡਰਤਾ ਨਾਲ ਬਹੁਤ ਜ਼ੋਰਦਾਰ ਆਵਾਜ਼ ਬੁਲੰਦ ਕੀਤੀ ਹੈ। ਆਪ ਜੀ ਨੇ ਸਮੇਂ ਦੇ ਹਾਕਮਾਂ ਅਤੇ ਕੱਟੜ ਧਾਰਮਿਕ ਆਗੂਆਂ ਦੀਆਂ ਗਲਤ ਧਾਰਨਾਵਾਂ ਅਤੇ ਪਖੰਡਾਂ ਨੂੰ ਬੇਖੌਫ ਉਜਾਗਰ ਕੀਤਾ। ਸਤਿਗੁਰੂ ਕਬੀਰ ਜੀ ਦਾ ਇਹ ਪਾਵਨ ਸ਼ਬਦ ਮਨੁੱਖਤਾ ਨੂੰ ਵਡਮੁੱਲੀ ਸੇਧ ਪ੍ਰਦਾਨ ਕਰਦਾ ਹੈ।

**ਰਾਗੁ ਗਉੜੀ ਬੈਰਾਗਣਿ ਕਬੀਰ ਜੀ॥**

**ੴ ਸਤਿਗੁਰ ਪ੍ਰਸਾਦਿ॥**

**ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ॥ ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ ॥੧॥**

ਲੋਕ ਜਿਉਂਦੇ ਮਾਪਿਆਂ ਦੀ ਤਾਂ ਕਦਰ ਨਹੀਂ ਕਰਦੇ ਪਰ ਜੀਵਨ ਦਾ ਸਫਰ ਮੁਕਾ ਚੁੱਕੇ ਭਾਵ ਮਰ ਗਏ ਬਜ਼ੁਰਗਾਂ ਦੇ ਨਮਿਤ ਸ਼ਰਾਧ ਕਰਦੇ ਹਨ ਅਰਥਾਤ ਉਨ੍ਹਾਂ ਦੇ ਨਾਮ ਦਾ ਭੋਜਨ ਦੂਸਰਿਆ ਨੂੰ ਛਕਾਉਂਦੇ ਹਨ। ਸਤਿਗੁਰੂ ਕਬੀਰ ਜੀ ਮਹਾਰਾਜ ਸਮਝਾਉਂਦੇ ਹਨ ਕਿ ਇਹ ਭੋਜਨ ਵਿਚਾਰੇ ਪਿਤਰਾਂ ਤੱਕ ਨਹੀਂ ਪਹੁੰਚਦਾ। ਇਹ ਤਾਂ ਕਾਂ, ਕੁੱਤੇ ਹੀ ਖਾਂਦੇ ਹਨ।

**ਮੋ ਕਉ ਕੁਸਲੁ ਬਤਾਵਹੁ ਕੋਈ॥ ਕੁਸਲੁ ਕੁਸਲੁ ਕਰਤੇ ਜਗੁ ਬਿਨਸੈ ਕੁਸਲੁ ਭੀ ਕੈਸੇ ਹੋਈ ॥੧॥ਰਹਾਉ॥**

ਮੈਨੂੰ ਕੋਈ ਦੱਸੋ ਕਿ ਪਿੱਤਰਾਂ ਨਮਿਤ ਦੂਸਰਿਆਂ ਨੂੰ ਅੰਨ-ਪਾਣੀ ਛਕਾਉਣਾ ਕੀ ਇਸ ਤਰਾਂ ਇਹ ਤੁਹਾਡੇ ਪਿੱਤਰਾਂ ਤੱਕ ਪਹੁੰਚ ਜਾਵੇਗਾ? ਅਜਿਹਾ ਕਰਨ ਨਾਲ ਪਿੱਛੇ ਘਰ ਵਿਚ ਸੁੱਖ ਆਨੰਦ ਕਿਵੇਂ ਮਿਲਦਾ ਹੈ? ਅਫਸੋਸ ਹੈ ਕਿ ਸਾਰਾ ਸੰਸਾਰ ਇਸੇ ਭਰਮ ਵਿਚ ਖਪ ਰਿਹਾ ਹੈ ਕਿ ਸ਼ਰਾਧ ਕਰਾਉਣ ਨਾਲ ਘਰ ਵਿਚ ਸੁੱਖ ਆਨੰਦ ਬਣਿਆ ਰਹਿੰਦਾ ਹੈ।

**ਮਾਟੀ ਕੇ ਕਰਿ ਦੇਵੀ ਦੇਵਾ ਤਿਸੁ ਆਗੈ ਜੀਉ ਦੇਹੀ॥ ਐਸੇ ਪਿਤਰ ਤੁਮਾਰੇ ਕਹੀਅਹਿ ਆਪਨ ਕਹਿਆ ਨ ਲੇਹੀ ॥੨॥**

ਜਿਵੇਂ ਲੋਕ ਮਿੱਟੀ ਦੇ ਦੇਵੀ ਦੇਵਤੇ ਬਣਾ ਕੇ ਉਨ੍ਹਾਂ ਅੱਗੇ ਜੀਵਾਂ ਦੀ ਬਲੀ ਦਿੰਦੇ ਹਨ। ਇਸ ਦਾ ਇਨ੍ਹਾਂ ਦੇਵੀ-ਦੇਵਤਿਆਂ ਨੂੰ ਕੋਈ ਲਾਭ ਨਹੀਂ। ਹੇ ਭਾਈ! ਤੁਹਾਡੇ ਪਿੱਤਰ ਵੀ ਇਸੇ ਤਰ੍ਹਾਂ ਮਿੱਟੀ ਦੇ ਬਣੇ ਦੇਵੀ-ਦੇਵਤਿਆਂ ਵਾਂਗ ਹਨ। ਤੁਸੀਂ ਉਨ੍ਹਾਂ ਅੱਗੇ ਜੋ ਮਰਜ਼ੀ ਰੱਖ ਦਿੰਦੇ ਹੋ ਪਰ ਉਹ ਤੁਹਾਡੇ ਕੋਲੋਂ ਆਪ ਮੰਗਿਆਂ ਕੁਝ ਨਹੀਂ ਲੈ ਸਕਦੇ।

**ਸਰਜੀਉ ਕਾਟਹਿ ਨਿਰਜੀਉ ਪੂਜਹਿ ਅੰਤ ਕਾਲ ਕਉ ਭਾਰੀ॥ ਰਾਮ ਨਾਮ ਕੀ ਗਤਿ ਨਹੀ ਜਾਨੀ ਭੈ ਡੂਬੇ ਸੰਸਾਰੀ ॥੩॥**

ਅਨਭੋਲ ਲੋਕ ਮਿਟੀ ਦੇ ਨਿਰਜੀਵ ਦੇਵੀ-ਦੇਵਤਿਆਂ ਨੂੰ ਪੂਜਣ ਲਈ ਉਨ੍ਹਾਂ ਅੱਗੇ ਜੀਊਂਦੇ ਜਾਗਦੇ (**ਬਾਕੀ ਸ.ਫ਼ਾ 7 'ਤੇ**)

# ਸ਼ਸਤਰ ਵਿੱਦਿਆ ਦੇ ਮਹਾਂਧਨੀ : ਸਤਿਗੁਰ ਕਬੀਰ ਜੀ

**ਕੁੰਦਨ ਲਾਲ ਬੱਧਣ (ਬੁੱਧਿਸ਼ਟ)**

## ਉੱਘੇ ਚਿੰਤਕ ਵਿਦਵਾਨ ਮਾਨਯੋਗ ਸ੍ਰੀ ਕੁੰਦਨ ਲਾਲ ਬੱਧਣ (ਬੁੱਧਿਸ਼ਟ)

ਆਦਿਵਾਸੀ ਸਮਾਜ ਦੇ ਇਨਕਲਾਬੀ ਰਹਿਬਰਾਂ ਦੀ ਬਾਣੀ ਵਿਚਾਰਧਾਰਾ ਅਤੇ ਜੀਵਨ ਇਤਿਹਾਸ ਦੇ ਚਿੰਤਕ ਵਿਦਵਾਨ ਸ੍ਰੀ ਕੁੰਦਨ ਲਾਲ ਬੱਧਣ ਜੀ ਨੇ ਬਹੁਤ ਸਾਰੀਆਂ ਖੋਜ ਭਰਪੂਰ ਪੁਸਤਕਾਂ ਦੀ ਰਚਨਾ ਕੀਤੀ। ਉਨਾਂ ਨੇ ਆਪਣੇ ਜੀਵਨ ਦਾ ਜ਼ਿਆਦਾ ਸਮਾਂ ਇਨ੍ਹਾਂ ਰਹਿਬਰਾਂ ਦੀ ਵਿਚਾਰਧਾਰਾ ਨੂੰ ਖੋਜਣ ਵਿੱਚ ਲਗਾਇਆ। 28 ਜੂਨ 2022 ਵਿਚ ਉਹ ਇਸ ਦੁਨੀਆ ਤੋਂ ਰੁਖਸਤ ਹੋ ਚੁੱਕੇ ਹਨ। ਸਤਿਗੁਰੂ ਕਬੀਰ ਜੀ ਬਾਣੀ ਦੇ ਸਬੰਧ ਵਿੱਚ ਉਹਨਾਂ ਨੇ ਵਡ ਆਕਾਰੀ 6 ਪੁਸਤਕਾਂ ਦੀ ਰਚਨਾ ਕੀਤੀ। ਜਿਨ੍ਹਾਂ ਵਿੱਚ 5 ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਣੀ ਅਧਾਰਤ ਅਤੇ ਛੇਵੀਂ ਪੁਸਤਕ ਕਬੀਰ ਬੀਜਕ ਗ੍ਰੰਥ ਦੇ ਅਧਾਰਿਤ ਹੈ। ਜਿਨ੍ਹਾਂ ਵਿੱਚੋਂ ਪਹਿਲੀਆਂ ਤਿੰਨ ਪੁਸਤਕਾਂ ਛਪ ਚੁੱਕੀਆਂ ਹਨ ਅਤੇ ਪਿਛਲੀਆਂ ਤਿੰਨ ਪੁਸਤਕਾਂ ਛਪਣ ਲਈ ਬਿਲਕੁਲ ਤਿਆਰ ਹਨ ਪਰ ਇਹਨਾਂ ਪੁਸਤਕਾਂ ਨੂੰ ਛਪਾਉਣ ਵਿੱਚ ਕੋਈ ਵੀ ਅੱਗੇ ਨਹੀਂ ਆ ਰਿਹਾ। ਆਦਿ ਸਮਾਜ ਦੇ ਦਰਦਮੰਦਾਂ ਅਤੇ ਸਤਿਗੁਰ ਕਬੀਰ ਜੀ ਦੇ ਅਨੁਆਈਆਂ ਨੂੰ ਬੇਨਤੀ ਹੈ ਕਿ ਸ੍ਰੀ ਕੁੰਦਨ ਲਾਲ ਬੱਧਣ ਜੀ ਦੀਆਂ ਛਪਾਈ ਅਧੀਨ ਤਿੰਨ ਪੁਸਤਕਾਂ ਨੂੰ ਜਲਦ ਤੋਂ ਜਲਦ ਪ੍ਰਕਾਸ਼ਿਤ ਕਰਵਾਇਆ ਜਾਵੇ ਤਾਂ ਜੋ ਆਪਾਂ ਸਾਰੇ ਇਨ੍ਹਾਂ ਪੁਸਤਕਾਂ ਤੋਂ ਲਾਹਾ ਲੈ ਸਕੀਏ। ਅਦਾਰਾ "ਬਹੁਜਨ ਉਜਾਲਾ" ਮਹੀਨੇਵਾਰ ਮੈਗਜ਼ੀਨ ਦੀ ਸਮੁੱਚੀ ਟੀਮ ਸਤਿਗੁਰੂ ਕਬੀਰ ਜੀ ਦੇ 627ਵੇਂ ਪਾਵਨ ਪ੍ਰਕਾਸ਼ ਦਿਹਾੜੇ ਤੇ "ਬਹੁਜਨ ਉਜਾਲਾ" ਦਾ ਇਹ ਪਲੇਠਾ ਅੰਕ ਪ੍ਰਕਾਸ਼ਿਤ ਕਰਕੇ ਖੁਸ਼ੀ ਮਹਿਸੂਸ ਕਰ ਰਹੀ ਹੈ। ਅਦਾਰਾ 'ਬਹੁਜਨ ਉਜਾਲਾ' ਵਲੋਂ ਸ੍ਰੀ ਕੁੰਦਨ ਲਾਲ ਬੱਧਣ ਜੀ ਦੀ ਛਪਾਈ ਅਧੀਨ ਪੁਸਤਕ "ਮਹਾਨ ਕ੍ਰਾਂਤੀਕਾਰੀ ਕਬੀਰ ਜੀ" (ਭਾਗ ਪੰਜਵਾਂ) ਵਿੱਚੋਂ ਲੇਖ "ਸਾਸਤਰ ਵਿੱਦਿਆ ਦੇ ਮਹਾਂਧਨੀ : ਸਤਿਗੁਰ ਕਬੀਰ ਜੀ" ਧੰਨਵਾਦ ਸਹਿਤ ਪ੍ਰਕਾਸ਼ਿਤ ਕਰ ਰਹੇ ਹਾਂ। ਆਪ ਸਾਰਿਆਂ ਨੂੰ ਸਤਿਗੁਰੂ ਜੀ ਦੇ ਇਸ ਪਾਵਨ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ।

**ਪੇਸ਼ਕਸ਼ :— ਚਰਨਜੀਤ ਸਿੰਘ ਬਿਨਪਾਲਕੇ**

**ਜਨਰਲ ਸਕੱਤਰ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)**

**ਮੁੱਖ ਦਫਤਰ ਪਿੰਡ ਬਿਨਪਾਲਕੇ (ਭੋਗਪੁਰ) ਜ਼ਿਲ੍ਹਾ ਜਲੰਧਰ, ਮੋਬਾਈਲ 98722-42944**

ਭਾਰਤ ਵਿੱਚ ਜਾਤੀ ਪ੍ਰਥਾ ਪ੍ਰਾਚੀਨ ਕਾਲ ਤੋਂ ਹੀ ਚਲੀ ਆ ਰਹੀ ਹੈ ਪਰੰਤੂ ਮੱਧ ਕਾਲ ਜਾਂ ਕਬੀਰ ਜੀ ਦੇ ਸਮੇਂ ਵਿੱਚ ਜਾਤੀ ਪ੍ਰਥਾ ਬਹੁਤ ਹੀ ਵਿਕਰਾਲ ਰੂਪ ਧਾਰਣ ਕਰ ਚੁਕੀ ਸੀ। ਚਾਰ ਜਾਤੀਆਂ ਜਾਂ ਚਾਰ ਵਰਣਾ/ਵਰਗਾਂ ਤੋਂ ਇਲਾਵਾ ਹੋਰ ਵੀ ਕਈ ਅਨੇਕ ਉਪਜਾਤੀਆਂ ਪੈਦਾ ਹੋ ਚੁੱਕੀਆਂ ਸਨ। ਮੁਸਲਮਾਨਾਂ ਵਿੱਚ ਵੀ ਜਾਤੀ ਭੇਦ-ਭਾਵ ਪ੍ਰਤੱਖ ਦਿਸਦਾ ਹੈ ਜਿਵੇਂ ਸੀਆ ਅਤੇ ਸੁੰਨੀ ਦਾ ਭੇਦ। ਵਿਜੇਤਾ ਮੁਸਲਮਾਨਾਂ ਅਤੇ ਧਰਮ ਪਰਿਵਰਤਿਤ ਮੁਸਲਮਾਨਾਂ ਵਿੱਚ ਵੀ ਭੇਦ ਭਾਵ ਦੇਖਣ ਨੂੰ ਬਹੁਤ ਹੀ ਮਿਲਦਾ ਸੀ। ਡਾ. ਆਸੀਰਵਾਦੀ ਦੇ ਕਥਨ ਅਨੁਸਾਰ "ਸਾਡੇ ਦੇਸ਼ ਦੇ ਇਤਿਹਾਸ ਵਿੱਚ ਕਿਸੇ ਵੀ ਯੁੱਗ ਵਿੱਚ ਮਾਨਵ ਜੀਵਨ ਦਾ ਏਨਾ ਵਿਨਾਸ਼ ਨਹੀਂ ਕੀਤਾ ਗਿਆ ਜਿਨ੍ਹਾਂ ਤੁਰਕ ਅਫਗਾਨ ਸਾਸ਼ਨ ਕਾਲ ਦੇ ਇਨ੍ਹਾਂ ਢਾਈ ਸੌ ਸਾਲ ਵਿੱਚ"। ਸ਼ੂਦਰਾਂ ਦੀ ਦਰਦਨਾਕ ਸਥਿਤੀ ਦਾ ਲਾਭ ਮੁਸਲਮਾਨਾਂ ਨੂੰ ਵੀ ਮਿਲਿਆ। ਕੁਝ ਸ਼ੂਦਰ ਡਰ ਤੋਂ ਅਤੇ ਕੁਝ ਲੋਭ ਕਰਕੇ ਮੁਸਲਮਾਨ ਬਣ ਗਏ ਸਨ । ਬ੍ਰਾਹਮਣ, ਕੁਸ਼ੱਤਰੀ ਅਤੇ ਵੈਸ਼ ਵੀ ਧਰਮ ਪਰਿਵਰਤਨ ਤੋ ਪਿੱਛੇ ਨਹੀਂ ਰਹੇ। ਹਿੰਦੂ ਔਰਤਾਂ ਵੀ ਮੁਸਲਮਾਨਾਂ ਜਾਂ ਤੁਰਕਾਂ ਨਾਲ ਵਿਆਹ ਕਰਵਾ ਕੇ ਸੰਤਾਨ ਪੈਦਾ ਕਰ ਰਹੀਆਂ ਸਨ। ਸਤਿਗੁਰੂ ਕਬੀਰ ਜੀ ਦੇ ਸਮੇਂ ਸਿੱਧਾਂ ਅਤੇ ਨਾਥਾਂ ਦੀ ਸਾਧਨਾ ਪੱਧਤੀ ਤਾਂ ਚਲ ਹੀ ਰਹੀ ਸੀ, ਇਸ ਤੋਂ ਇਲਾਵਾ ਸੂਫੀਆਂ ਦੀ ਵੀ ਭਾਰਤ ਵਿੱਚ ਆਮਦ ਹੋ ਚੁੱਕੀ ਸੀ । ਸੂਫੀਆਂ ਨੇ

ਸੂਫੀ ਮਤ ਵਿੱਚ ਉਦਾਰਤਾ ਦੇ ਕਾਰਨ ਲੋਕਾਂ ਨੂੰ ਆਪਣੇ ਵਿੱਚ ਮਿਲਾਉਣ ਦੀ ਭਰਪੂਰ ਕੋਸ਼ਿਸ਼ ਕੀਤੀ। ਸਤਿਗੁਰੂ ਕਬੀਰ ਜੀ ਦੇ ਸਮੇਂ ਦੀਆਂ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਪ੍ਰਸਥਿਤੀਆਂ ਦਾ ਪ੍ਰਭਾਵ ਸਤਿਗੁਰੂ ਕਬੀਰ ਜੀ ਦੇ ਜੀਵਨ ਤੇ ਪੈਣਾ ਸੁਭਾਵਿਕ ਹੀ ਸੀ । ਰਾਜਨੀਤਿਕ ਅਤੇ ਧਾਰਮਿਕ ਦੋਨਾਂ ਖੇਤਰਾਂ ਵਿੱਚ ਹਿੰਸਾ ਦਾ ਦੌਰ ਚਲ ਰਿਹਾ ਸੀ। ਧਰਮ ਦੇ ਨਾਂ ਤੇ ਹੋ ਰਹੀ ਹਿੰਸਾ ਦੇ ਵਿਰੁੱਧ ਸਤਿਗੁਰੂ ਕਬੀਰ-ਬਾਣੀ ਬਹੁਤ ਹੀ ਉੱਚੀ ਅਤੇ ਬਾਗੀ ਸੁਰ ਵਿੱਚ ਸੀ ਜਿਵੇਂ-

**ਰੋਜਾ ਧਰੈ ਮਨਾਵੈ ਅਲਹੁ ਸੁਆਦਤਿ ਜੀਅ ਸੰਘਾਰੈ ॥**
**ਆਪਾ ਦੇਖਿ ਅਵਰ ਨਹੀਂ ਦੇਖੈ ਕਾਹੇ ਕਉ ਝਖ ਮਾਰੈ ॥**

(**ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ** 483 **ਰਾਗੁ ਆਸਾ**)

**ਹਿੰਦੂ ਕੀ ਦਇਆ, ਮੇਹਰ ਤੁਰਕਨ ਕੀ,**
**ਦੋਨੋਂ ਘਟ ਸੌਂ ਤਿਆਗੀ।**
**ਯੇ ਹਲਾਲ ਵੈ ਝਟਕਾ ਮਾਰੈਂ, ਆਗਿ ਦੋਨੋਂ ਘਰ ਲਾਗੀ।**

(**ਕਬੀਰ ਗ੍ਰੰਥਾਵਲੀ**)

ਮੱਧ ਕਾਲੀਨ ਸਮਾਜ ਭਿੰਨ ਭਿੰਨ ਵਰਗਾ ਦਾ ਰਹਿਣ ਸਹਿਣ, ਖਾਣ ਪੀਣ ਦਾ ਵੀ ਸੰਕੇਤ ਸਤਿਗੁਰੂ ਕਬੀਰ-ਬਾਣੀ ਜਾਂ ਕਬੀਰ ਸਾਹਿਤ ਵਿੱਚੋਂ ਪ੍ਰਤੱਖ ਤੌਰ ਤੇ ਪ੍ਰਗਟ ਹੁੰਦਾ ਹੈ। ਸਤਿਗੁਰੂ ਕਬੀਰ ਜੀ ਦੇ ਸਮੇਂ ਵਿੱਚ ਮੁੱਖ ਤੌਰ ਤੇ ਤਿੰਨ ਵਰਗ ਮੰਨੇ ਜਾਂਦੇ ਸਨ ਜਿਵੇਂ - ਪਹਿਲਾ ਧਨੀ ਵਰਗ, ਦੂਸਰਾ ਮਧਵਰਗ, ਅਤੇ ਤੀਸਰਾ ਨੀਚ ਜਾਂ ਨਿਮਨ ਵਰਗ। ਮੀਰ, ਮਲਿਕ ਅਤੇ ਛਤ੍ਰਪਤਿ ਰਾਜਾ ਪ੍ਰਭੂਤਾ ਸੰਪੰਨ ਵਰਗ ਮੰਨਿਆ ਜਾਂਦਾ ਸੀ। ਇਨ੍ਹਾਂ ਦੀਆਂ ਸ਼ਕਤੀਆਂ ਨੂੰ ਕਬੀਰ ਜੀ ਨੇ ਆਪਣੀ ਬਾਣੀ ਵਿੱਚ ਅੰਕਿਤ ਕੀਤਾ ਹੈ।

**ਤੰਤ ਨ ਜਾਨੂੰ ਮੰਤ ਨ ਜਾਨੂੰ, ਜਾਨੂੰ ਸੁੰਦਰ ਕਾਇਆ।**
**ਮੀਰ ਮਲਿਕ ਛਤਰਪਤਿ ਰਾਜਾ ਤੇ ਭੀ ਖਾਏ ਮਾਇਆ।**

(**ਕਬੀਰ ਗ੍ਰੰਥਾਂਵਲੀ ਸਟੀਕ ਪੰਨਾ** 16)

ਸਤਿਗੁਰੂ ਕਬੀਰ ਜੀ ਸਮਾਜ ਦੀ ਅਮੀਰੀ ਅਤੇ ਗਰੀਬੀ ਦਾ ਵੀ ਪੂਰੀ ਸ਼ਿੱਦਤ ਨਾਲ ਵਰਨਣ ਕਰਦੇ ਹਨ ਜਿਵੇਂ ਅਮੀਰ ਵਰਗ ਦੇ ਪਾਸ ਨਿਵਾਰੀ ਪਲੰਘ ਅਤੇ ਸੁੰਦਰ ਸੇਜ ਹੁੰਦੀ ਹੈ ਜਦੋਂ ਕਿ ਗਰੀਬ ਅਤੇ ਨਿਮਨ ਵਰਗ ਦੇ ਪਾਸ ਕੇਵਲ ਸੌਣ ਲਈ ਧਾਨ ਦੀ ਪਰਾਲੀ ਹੀ ਹੁੰਦੀ ਹੈ। ਕਬੀਰ ਜੀ ਨੂੰ ਇਹ ਸਮਾਜਿਕ ਵਿਵਸਥਾ ਬਹੁਤ ਹੀ ਅਜੀਬ ਅਤੇ ਦੁੱਖਦਾਈ ਲੱਗੀ। ਸਤਿਗੁਰੂ



ਕਬੀਰ ਜੀ ਦੇ ਸਮੇਂ ਵਿੱਚ ਆਚਰਣਹੀਣ ਵਿਅਕਤੀ ਜੀਵਨ ਦਾ ਖੂਬ ਅਨੰਦ ਮਾਣ ਰਹੇ ਸਨ ਜਦੋਂ ਕਿ ਸਮਾਜ ਨੇ ਪ੍ਰਭੂ ਪਰਮਾਤਮਾ ਦੀ ਭਗਤੀ ਕਰਨ ਵਾਲੇ ਵਿਅਕਤੀਆਂ ਨੂੰ ਗਰੀਬ ਭਿਖਾਰੀ ਅਤੇ ਘਸਿਆਰੇ ਬਣਾ ਦਿੱਤਾ ਸੀ। ਸਤਿਗੁਰੂ ਕਬੀਰ ਜੀ ਦਾ ਫੁਰਮਾਨ ਹੈ -

**ਕਬੀਰ ਨਾ ਮੋੁਹਿ ਛਾਨਿ ਨ ਛਾਪਰੀ**
**ਨਾ ਮੋਹਿ ਘਰੁ ਨਹੀ ਗਾਉ ॥**
**ਮਤ ਹਰਿ ਪੂਛੈ ਕਉਨੁ ਹੈ**
**ਮੇਰੇ ਜਾਤਿ ਨ ਨਾਉ ॥**

(**ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ** 1364)

**ਨਾਉ ਮੇਰੇ ਖੇਤੀ ਨਾਉ ਮੇਰੇ ਬਾਰੀ॥**
**ਭਗਤਿ ਕਰਉ ਜਨੁ ਸਰਨਿ ਤੁਮਾਰੀ॥**

**ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ** 1157 **ਰਾਗੁ ਭੈਰਉ**

ਸਤਿਗੁਰੂ ਕਬੀਰ ਜੀ ਆਪਣੇ ਯੁੱਗ ਦੇ ਮਹਾਨ ਅਰਥ ਸਾਸਤਰੀ ਵੀ ਹੋਏ ਹਨ ਕਿਉਂਕਿ ਉਹ ਆਰਥਿਕ ਵਿਵਸਥਾ ਦਾ ਬਹੁਤ ਹੀ ਮਹੱਤਵ ਪੂਰਣ ਤੱਥ ਪੇਸ਼ ਕਰਦੇ ਹਨ। ਇਕ ਸਾਧਾਰਣ ਵਰਗ ਦਾ ਕੋਈ ਵਿਅਕਤੀ ਵਿਉਪਾਰ ਜਾ ਕਾਰੋਬਾਰ ਕਰਨ ਲਈ ਜਾ ਨਿੱਜੀ ਹਿੱਤਾਂ ਲਈ ਕਰਜ਼ਾ ਪ੍ਰਾਪਤ ਕਰ ਲੈਂਦਾ ਹੈ। ਕਰਜ਼ੇ ਦੇ ਨਾਲ ਸੰਬੰਧਿਤ ਸਰਤਾਂ ਦੀ ਬਰਾਬਰ ਲਿਖਾਈ ਹੁੰਦੀ ਸੀ। ਵਿਆਜ ਦੀ ਦਰ ਸਵਾਈ ਅਰਥਾਤ 25% ਰੱਖੀ ਜਾਂਦੀ ਸੀ। ਇਸ ਕਰਜ਼ ਦੀ ਪ੍ਰਾਪਤੀ ਲਈ ਕੋਈ ਜ਼ਮਾਨਤੀ ਆਦਮੀ ਵੀ ਲਿਆ ਜਾਂਦਾ ਸੀ । ਕਰਜਦਾਤਾ ਬੋਹਰਾ ਜਾਤੀ ਨਾਲ ਸੰਬੰਧਿਤ ਹੁੰਦਾ ਸੀ। ਇਹ ਮਾਰਵਾੜੀ ਬ੍ਰਾਹਮਣਾ ਦੀ ਇਕ ਜਾਤਿ ਹੁੰਦੀ ਹੈ ਜੋ ਸਰਾਫ ਦਾ ਕੰਮ ਕਰਦੀ ਹੈ ਪਰੰਤੂ ਬੰਬਈ ਇਲਾਕੇ ਵਿੱਚ

ਹਿੰਦੂਆਂ ਤੋਂ ਮੁਸਲਮਾਨ ਹੋਈ ਇਕ ਜਾਤਿ ਹੈ।

**ਮਨ ਰੇ ਕਾਗਦ ਕੀਨ ਪਰਾਇਆ ।**
**ਕਹਾ ਭਿਉ ਵਿਉਪਾਰ ਤੁਮਹਾਰੇ,**
**ਕਲਤਰ ਬੜੇ ਸਵਾਇਆ।**

**(ਕਬੀਰ ਗ੍ਰੰਥਾਵਲੀ ਸਟੀਕ ਪੰਨਾ 16)**

ਸਤਿਗੁਰੂ ਕਬੀਰ ਜੀ ਕੇਵਲ ਸਮਾਜਿਕ ਵਿਖਮਤਾ ਦਾ ਵਿਰੋਧ ਹੀ ਨਹੀਂ ਸੀ ਕਰਦੇ ਉਹ ਸਗੋਂ ਆਰਥਿਕ ਵਿਵਸਥਾ ਦੁਆਰਾ ਪਾਈਆਂ ਵੰਡੀਆਂ ਦਾ ਵੀ ਕਰੜੇ ਸ਼ਬਦਾਂ ਵਿੱਚ ਵਿਰੋਧ ਕਰਦੇ ਸਨ ਜਿਹੜਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹੈ। ਇੱਥੇ ਸਤਿਗੁਰੂ ਕਬੀਰ ਜੀ ਪੂੰਜੀ-ਪਤੀ ਵਿਵਸਥਾ ਦੇ ਵਿਰੁੱਧ ਕਰੜੇ ਸ਼ਬਦਾਂ ਵਿਚ ਨਿੰਦਾ ਕਰਦੇ ਹਨ ਅਤੇ ਨਿਰਧਨ ਸਮਾਜ ਦਾ ਜਾ ਸਮਾਜਵਾਦ ਦਾ ਪੂਰਨ ਸਮਰਥਨ ਕਰਦੇ ਹਨ ਜਿਵੇਂ -

**ਨਿਰਧਨ ਆਦਰੁ ਕੋਈ ਨ ਦੇਇ॥**
**ਲਾਖ ਜਤਨ ਕਰੈ ਓਹੁ ਚਿਤਿ ਨ ਧਰੇਇ।।੧।।ਰਹਾਉ।।**
**ਜਉ ਨਿਰਧਨੁ ਸਰਧਨ ਕੈ ਜਾਇ॥**
**ਆਗੇ ਬੈਠਾ ਪੀਠਿ ਫਿਰਾਇ।।੧॥**
**ਜਉ ਸਰਧਨੁ ਨਿਰਧਨ ਕੈ ਜਾਇ॥**
**ਦੀਆ ਆਦਰੁ ਲੀਆ ਬੁਲਾਇ।।੨।।**

**ਗੁਰੂ ਗ੍ਰੰਥ ਸਾਹਿਬ ਪੰਨਾ 1159 ਰਾਗੁ ਭੈਰਉ**

ਸਤਿਗੁਰੂ ਕਬੀਰ ਜੀ ਨੇ ਗਰੀਬ ਕਿਸਾਨਾਂ ਦੀ ਦੁਰਦਸ਼ਾ ਨੂੰ ਬਹੁਤ ਹੀ ਨੇੜਿਓਂ ਹੋ ਕੇ ਦੇਖਿਆ ਸੀ। ਗਰੀਬ ਕਿਸਾਨਾਂ ਦੀ ਆਰਥਿਕ ਹਾਲਤ ਐਨੀ ਮਾੜੀ ਜਾ ਤਰਸਯੋਗ ਸੀ ਕਿ ਨਿਰਧਾਰਿਤ ਕਰ ਜਾ ਮਾਮਲਾ ਦੇਣ ਦੇ ਵੀ ਉਹ ਅਸਮਰਥ ਹੁੰਦੇ ਸਨ। ਲਗਾਨ ਵਸੂਲ ਕਰਨ ਵਾਲੇ ਕਰਮਚਾਰੀਆਂ ਦਾ ਵੀ ਗਰੀਬ ਕਿਸਾਨਾਂ ਪ੍ਰਤੀ ਵਰਤਾਓ ਕਠੋਰ ਅਤੇ ਨਿੰਦਣਯੋਗ ਸੀ। ਪਿੰਡ ਦਾ ਵੱਡਾ ਜ਼ਿਮੀਂਦਾਰ ਖੇਤ ਦੀ ਮਿਣਤੀ ਸਹੀ ਨਹੀਂ ਹੋਣ ਦਿੰਦਾ ਸੀ। ਖੇਤ ਦੀ ਮਿਣਤੀ ਕਰਨ ਵਾਲਾ ਪਟਵਾਰੀ ਵੀ ਠਾਕੁਰਾ ਅਤੇ ਵੱਡੇ ਵੱਡੇ ਜ਼ਿਮੀਂਦਾਰਾ ਦੇ ਕਹੇ ਅਨੁਸਾਰ ਹੀ ਗਲਤ ਜਾ ਸਹੀ ਮਿਣਤੀ ਹੀ ਕਰਦਾ ਸੀ। ਵੱਡੇ-ਵੱਡੇ ਜ਼ਿਮੀਂਦਾਰਾ ਜਾ ਠਾਕਰਾ ਅੱਗੇ ਬੋਲਣ ਦੀ ਕਿਸੇ ਦੀ ਹਿੰਮਤ ਹੀ ਨਹੀਂ ਸੀ। ਛੋਟੇ ਕਿਸਾਨ ਵੱਡੇ-ਵੱਡੇ ਜ਼ਿਮੀਂਦਾਰਾ ਅਤੇ ਠਾਕੁਰਾਂ ਦੇ ਅੱਤਿਆਚਾਰਾ ਤੋਂ ਡਰਦੇ ਮਾਰੇ ਘਰ ਜਾਂ ਪਿੰਡ ਛੱਡ ਕੇ ਦੌੜ ਜਾਂਦੇ ਸਨ। ਪਿੰਡ ਦੇ ਪ੍ਰਧਾਨ ਜਾ ਮੁਖੀਆਂ ਨੂੰ ਜਾ ਬਿਸਵੇਦਾਰ ਮਾਲਿਕ ਨੂੰ ਫੜ ਕੇ ਧਰਮ ਅਧਿਕਾਰੀਆਂ ਦੇ ਸਨਮੁਖ ਪੇਸ਼ ਕੀਤਾ ਜਾਂਦਾ ਸੀ। ਸਤਿਗੁਰੂ ਕਬੀਰ ਜੀ ਨੇ ਆਪਣੀ ਬਾਣੀ ਵਿੱਚ ਇਹ ਦੁਰਦਸ਼ਾ ਇਸ ਪ੍ਰਕਾਰ ਬਿਆਨ ਕੀਤੀ ਹੈ।

**ਏਕੁ ਕੋਟੁ ਪੰਚ ਸਿਕਦਾਰਾ**
**ਪੰਚੇ ਮਾਗਹਿ ਹਾਲਾ॥**
**ਜਿਮੀ ਨਾਹੀ ਮੈਂ ਕਿਸੀ ਕੀ ਬੋਈ**
**ਐਸਾ ਦੇਨੁ ਦੁਖਾਲਾ ॥੧॥**
**ਹਰਿ ਕੇ ਲੋਗਾ ਮੋ ਕਉ ਨਿਤਿ ਡਸੈ ਪਟਵਾਰੀ॥**
**ਊਪਰਿ ਭੁਜਾ ਕਰਿ ਮੈਂ ਗੁਰ ਪਹਿ ਪੁਕਾਰਿਆ**
**ਤਿਨਿ ਹਉ ਲੀਆ ਉਬਾਰੀ ॥੧॥ਰਹਾਉ॥**
**ਨਉ ਡਾਡੀ ਦਸ ਮੁਸੰਫ ਧਾਵਹਿ**
**ਰਈਅਤਿ ਬਸਨ ਨ ਦੇਹੀ॥**
**ਡੋਰੀ ਪੂਰੀ ਮਾਪਹਿ ਨਾਹੀ**
**ਬਹੁ ਬਿਸਟਾਲਾ ਲੇਹੀ ॥੨॥**

**ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 793**

ਦਲਿਤ ਵਰਗ ਦੇ ਘਰ, ਘਰੇਲੂ ਸਾਮਾਨ, ਬਰਤਨ ਆਦਿ ਦਾ ਦਰਦਨਾਕ ਚਿਤਰਨ ਸਤਿਗੁਰੂ ਕਬੀਰ ਜੀ ਦੀ ਬਾਣੀ ਵਿੱਚੋਂ ਭਲੀ ਭਾਂਤ ਮਿਲਦਾ ਹੈ। ਦਲਿਤਾ ਦੇ ਘਰਾਂ ਦੀਆ ਕੰਧਾ ਕੱਚੀਆਂ ਹੁੰਦੀਆਂ ਸਨ। ਉਪਰ ਨੂੰ ਛੱਪਰ ਦੀ ਹੀ ਛੱਤ ਹੁੰਦੀ ਸੀ। ਘਰਾਂ ਵਿੱਚ ਮਿੱਟੀ ਦੇ ਬਰਤਨ ਹੁੰਦੇ ਸਨ। ਮੀਂਹ ਹਨੇਰੀ ਤੂਫਾਨ ਦਾ ਟਾਕਰਾ ਨਹੀਂ ਕਰ ਸਕਦੇ। ਸਤਿਗੁਰੂ ਕਬੀਰ ਜੀ ਨੇ ਆਪਣੀ ਬਾਣੀ ਵਿੱਚ ਮੌਲਿਕ ਬਿੰਬਾ ਰਾਹੀ ਇਸ ਵਿਵਸਥਾ ਦਾ ਚਿੱਤਰ ਇਸ ਪ੍ਰਕਾਰ ਖਿਚਿਆ ਹੈ।

**ਦੇਖੌ ਭਾਈ ਗ੍ਹਾਨ ਕੀ ਆਈ ਆਂਧੀ॥**
**ਸਭੈ ਉਡਾਨੀ ਭ੍ਰਮ ਕੀ ਟਾਟੀ**
**ਰਹੈ ਨ ਮਾਇਆ ਬਾਂਧੀ।।੧।।ਰਹਾਉ।।**
**ਦੁਚਿਤੇ ਕੀ ਦੁਇ ਥੂਨਿ ਗਿਰਾਨੀ**
**ਮੋਹ ਬਲੇਡਾ ਟੂਟਾ॥**
**ਤਿਸਨਾ ਛਾਨਿ ਪਰੀ ਧਰ ਊਪਰਿ**
**ਦੁਰਮਤਿ ਭਾਂਡਾ ਫੂਟਾ।।੧।।**
**ਆਂਧੀ ਪਾਛੇ ਜੋ ਜਲੁ ਬਰਖੈ**
**ਤਿਹਿ ਤੇਰਾ ਜਨੁ ਭੀਨਾਂ।।**
**ਕਹਿ ਕਬੀਰ ਮਨਿ ਭਇਆ ਪ੍ਰਗਾਸਾ**
**ਉਦੈ ਭਾਨੁ ਜਬ ਚੀਨਾ।।੨।।੪੩॥**

**ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 331 ਰਾਗੁ ਗਉੜੀ ਚੇਤੀ**

ਇਸ ਦੇ ਵਿਪਰੀਤ ਉਚੇ ਵਰਗ ਦੇ ਲੋਕ ਵੀ ਸਨ ਜਿਨ੍ਹਾ ਵਿੱਚ ਰਾਜੇ ਮਹਾਰਾਜੇ ਅਤੇ ਨਵਾਬ ਹੀ ਹੁੰਦੇ ਸਨ। ਰਾਜਿਆਂ, ਮਹਾਰਾਜਿਆਂ ਅਤੇ ਨਵਾਬਾਂ ਲਈ ਰਾਜ ਦਰਬਾਰ, ਸਿੰਘਾਸਨ ਅਤੇ ਹੋਰ ਦੁਨਿਆਵੀ ਕਨਿਕ ਅਤੇ ਕਾਮਨੀਆ ਹੁੰਦੀਆਂ ਸਨ ਜਿਹੜੀਆਂ ਕਿ ਰਾਜੇ ਮਹਾਰਾਜਿਆਂ ਅਤੇ ਨਵਾਬਾਂ ਦੇ ਰਮਣ ਲਈ ਹੁੰਦੀਆਂ ਸਨ। ਸਰੀਰ ਜਾਂ ਕਾਇਆ ਨੂੰ ਸੁੰਦਰ ਅਤੇ ਸਡੌਲ ਰੱਖਣ ਲਈ ਚੰਦਨ, ਕਪੂਰ ਆਦਿ ਸੁਗੰਧਿਤ ਪਦਾਰਥ ਵੀ ਹੁੰਦੇ ਸਨ। ਸਤਿਗੁਰੂ ਕਬੀਰ ਜੀ ਦਾ ਫੁਰਮਾਨ ਹੈ।

**ਅਨਿਕ ਜਤਨ ਕਰਿ ਕਾਇਆ ਪਾਲੀ॥**
**ਮਰਤੀ ਬਾਰ ਅਗਨਿ ਸੰਗਿ ਜਾਲੀ॥੨॥**
**ਚੋਆ ਚੰਦਨੁ ਮਰਦਨ ਅੰਗਾ॥**
**ਸੋ ਤਨੁ ਜਲੈ ਕਾਠ ਕੈ ਸੰਗਾ॥੩॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 325 ਰਾਗੁ ਗਉੜੀ)**

ਸਤਿਗੁਰੂ ਕਬੀਰ ਜੀ ਕੋਰੀ ਦਲਿਤ ਜਾਤੀ ਨਾਲ ਸੰਬੰਧਿਤ, ਪਿਤਾ ਵਲੋਂ ਧਰਮ ਪਰਿਵਰਤਿਤ, ਪੇਸ਼ੇ ਵਜੋਂ ਮੁਸਲਮਾਨ ਜੁਲਾਹੇ ਅਤੇ ਮੂਲ ਰੂਪ ਵਿੱਚ ਕੋਰੀ ਜਾਤੀ ਨਾਲ ਸੰਬੰਧਿਤ ਸਨ। ਜੋ ਚਮਾਰਾਂ ਦੀ ਜਾਤੀ ਹੁੰਦੀ ਹੈ। ਸਤਿਗੁਰੂ ਕਬੀਰ ਜੀ ਨੇ ਜੁਲਾਹਿਆ ਰੰਗਰੇਜ (ਕੱਪੜਾ ਰੰਗਣ ਵਾਲੇ) ਦਾ, ਕਿਸਾਨਾਂ ਦਾ, ਲੁਹਾਰਾਂ ਦਾ, ਸੁਨਾਰ ਦਾ, ਕਲਾਲ ਦੇ ਕਿੱਤਿਆ ਜਾ ਧੰਧਿਆ ਦਾ ਬਾਖੂਬੀ ਨਾਲ ਚਿਤ੍ਰਣ ਖਿਚਿਆ ਹੈ। ਸਤਿਗੁਰੂ ਕਬੀਰ ਸਾਹਿਤ ਦਾ ਅਧਿਐਨ ਕੀਤਿਆ ਪਤਾ ਲਗਦਾ ਹੈ ਕਿ ਉਸ ਸਮੇਂ ਧਾਤੂ ਸੋਧਨ ਅਤੇ ਸਰਾਬ ਤਿਆਰ ਕਰਨ ਦੇ ਵੀ ਮੁੱਖ ਧੰਧੇ ਹੁੰਦੇ ਸਨ।

ਸਤਿਗੁਰੂ ਕਬੀਰ ਜੀ ਦੀ ਬਾਣੀ ਵਿੱਚ ਯੁੱਧ ਨਾਲ ਸੰਬੰਧਿਤ ਸ਼ਬਦਾਵਲੀ ਅਤੇ ਅਸਤਰਾਂ ਸਸਤਰਾਂ ਦਾ ਵੀ ਜ਼ਿਕਰ ਆਇਆ ਹੈ ਜੋ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹਨ। ਸਤਿਗੁਰੂ ਕਬੀਰ ਜੀ ਆਪਣੀ ਬਾਣੀ ਵਿੱਚ ਟੋਪੂ, ਖਾਈ (ਕਿੱਲੇ ਜਾ ਦੁਰਗ ਦੇ ਦੁਆਲੇ ਡੂੰਘੀ ਅਤੇ ਛੋਟੀ ਨਦੀ ਜੋ ਕਿੱਲੇ ਦੀ ਰਾਖੀ ਲਈ ਪਾਣੀ ਨਾਲ ਭਰੀ ਰੱਖੀਦਾ ਹੈ) ਸੁਰਤਾਨੁ (ਸੁਲਤਾਨ) ਅਤੇ ਛੱਤਰ, ਕਮਾਨ, ਤੀਰ, ਪਲੀਤਾ, ਹਵਾਈ ਗੋਲਾ, ਬ੍ਰਹਮ ਅਗਨਿ (ਬ੍ਰਹਮ ਅਸਤਰ ਜਾ ਮਿਜਾਈਲ) ਕੋਟ, 'ਚੜ੍ਹਿਓ ਗੜ੍ਹ ਉਪਰ, ਗਢੁ (ਦੁਰਗ) ਦੋਵਰ ਕੋਟ (ਦੁਹਰਾ ਕਿਲਾ) ਕਾਮੁ ਕਿਵਾਰੀ, ਦਰਵਾਨੀ, ਦੁੰਦਰ ਲੜਾਕਾ ਫੌਜੀ, ਸਲਾਹੁ ਜਿਰਹ ਬਖਤਰ, ਸੰਜੋਆ, (ਲੋਹੇ ਦੀ ਜਾਲੀ ਜੋ ਜੰਗ ਜਾ ਯੁੱਧ ਸਮੇਂ ਪਹਿਨਦੀ ਹੈ), ਹਵਾਈ (ਇੱਕ ਕਿਸਮ ਦੀ ਆਤਿਸਬਾਜ਼ੀ ਜਾ ਮਿਜਾਈਲ), ਏਕ ਚੋਟ ਸਿਝਾਇਆ (ਇਕੋ ਹੀ ਵਾਰ ਨਾਲ ਜਿਤ ਪ੍ਰਾਪਤ ਕੀਤੀ), ਪਕਰਿਓ ਗਢ ਕੋ ਰਾਜਾ (ਦੁਸ਼ਮਣ ਦੇ ਰਾਜੇ ਤੇ ਜਿੱਤ ਪ੍ਰਾਪਤ ਕਰਨੀ) ਆਦਿ ਸ਼ਬਦਾਂ ਦਾ ਬ੍ਰਿਤਾਂਤ ਮਿਲਦਾ ਹੈ ਜੋ ਯੁੱਧ ਨਾਲ ਸੰਬੰਧਿਤ ਹਨ। ਸਤਿਗੁਰੂ ਕਬੀਰ ਜੀ ਨੇ ਦਮਾਮੇ ਸ਼ਬਦ ਦੀ ਵੀ ਵਰਤੋਂ ਕੀਤੀ ਹੈ। ਇਸ ਤੋਂ ਇਹ ਸਾਬਿਤ ਹੁੰਦਾ ਹੈ ਕਿ ਆਪ ਸਾਸਤਰ ਵਿਦਿਆ ਦੇ ਵੀ ਮਹਾਂ ਧਨੀ ਸਨ। ਸਤਿਗੁਰੂ ਕਬੀਰ ਜੀ ਦਾ ਇਹ ਸ਼ਬਦ ਇਸ ਪ੍ਰਕਾਰ ਹੈ –

**ਕਿਉ ਲੀਜੈ ਗਢੁ ਬੰਕਾ ਭਾਈ॥**
**ਦੋਵਰ ਕੋਟ ਅਰੁ ਤੇਵਰ ਖਾਈ ॥੧॥**

**ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1161 ਰਾਗ ਭੈਰਉ**

**ਗਗਨ ਦਮਾਮਾ ਬਾਜਿਓ**
**ਪਰਿਓ ਨੀਸਾਨੈ ਘਾਉ॥**
**ਖੇਤੁ ਜੁ ਮਾਂਡਿਓ ਸੂਰਮਾ**
**ਅਬ ਜੂਝਨ ਕੋ ਦਾਉ॥੧॥**
**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥**
**ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥੨॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1105 ਸਲੋਕ ਕਬੀਰ ਜੀ)**

ਸਤਿਗੁਰੂ ਕਬੀਰ ਜੀ ਨੇ ਆਪਣੀ ਬਾਣੀ ਵਿੱਚ ਦੂਰਬੀਨ ਸ਼ਬਦ ਦਾ ਪ੍ਰਯੋਗ ਵੀ ਕੀਤਾ ਹੈ। ਇਸ ਤੋਂ ਸਾਬਿਤ ਹੁੰਦਾ ਹੈ ਕਿ ਸਤਿਗੁਰੂ ਕਬੀਰ ਜੀ ਦੀ ਵਿਗਿਆਨਕ ਸੂਝ ਵੀ ਕਮਾਲ ਦੀ ਸੀ। ਸਤਿਗੁਰੂ ਕਬੀਰ ਜੀ ਦਾ ਫੁਰਮਾਨ ਹੈ।

**ਆਂਖੀ ਮਦੇ ਪਾਂਖੀ ਚਮਕੇ**
**ਪਾਂਖੀ ਮਧੇ ਦਵਾਰਾ**
**ਤੇਹਿ ਦਵਾਰੇ ਦੂਰਬੀਨ ਲਗਾਵੈ**
**ਉਤਰੈ ਭੌਜਨ ਪਾਰਾ**

**ਕਬੀਰ ਸ਼ਬਦਾਵਲੀ ਭਾਗ 1 ਪੰਨਾ 641**

ਆਰਥਿਕ ਵਿਵਸਥਾ ਅਰਥਾਤ ਗਰੀਬੀ ਤੋਂ ਵੀ ਜ਼ਿਆਦਾ ਅਪਮਾਨ ਜਨਕ ਹੁੰਦੀ ਹੈ ਸਮਾਜਿਕ ਤ੍ਰਿਸਕਾਰ ਜਾਂ ਉਪੇਕਸਾ। ਜਾਤ ਪਾਤ ਦੇ ਆਧਾਰ ਤੇ ਵੰਡ ਕਾਰਣ ਸਮਾਜ ਵਿੱਚ ਅਛੂਤਾਂ ਅਤੇ ਹਿੰਦੂਆਂ ਵਿੱਚ ਬਹੁਤ ਹੀ ਜ਼ਿਆਦਾ ਨਫਰਤ ਪਾਈ ਜਾਂਦੀ ਸੀ। ਵਰਣ ਵਿਵਸਥਾ ਦੇ ਕਾਰਣ ਸਮਾਜ ਕਈ ਛੋਟੇ ਮੋਟੇ ਫਿਰਕਿਆਂ ਵਿੱਚ ਵੰਡਿਆ ਹੋਇਆ ਸੀ। ਹਿੰਦੂ ਬਨਾਮ ਮੁਸਲਮਾਨ, ਬ੍ਰਾਹਮਣ ਬਨਾਮ ਸੂਦਰ/ਅਛੂਤ ਦੇ ਆਪਸੀ ਕਲਾਹ ਕਲੇਸ਼ ਤੋਂ ਮਾਨਵਤਾ ਵਿਲਕ ਰਹੀ ਸੀ। ਸਤਿਗੁਰੂ

ਕਬੀਰ ਜੀ ਦਾ ਸੰਵੇਦਨਸ਼ੀਲ ਹਿਰਦਾ ਇਸ ਕਰੂਰ ਸਥਿਤੀ ਤੋਂ ਬੇਚੈਨ ਸੀ।ਉਨ੍ਹਾਂ ਨੇ ਧਰਮ, ਸੰਪਰਦਾਇ ਅਤੇ ਜਾਤੀਆਂ ਵਿੱਚ ਵੰਡੀ ਹੋਈ ਮਾਨਵਤਾ ਦੇ ਮਿਲਾਪ ਲਈ ਅਣਥਕ ਯਤਨ ਕੀਤੇ। ਸਤਿਗੁਰੂ ਕਬੀਰ ਜੀ ਨੇ ਆਪਣੀ ਦ੍ਰਿੜ੍ਹ ਤਰਕ ਸ਼ੈਲੀ ਨਾਲ ਇਸ ਦੀਵਾਰ ਨੂੰ ਡੇਗਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਹੈ।ਸਤਿਗੁਰੂ ਕਬੀਰ ਜੀ ਦਾ ਫੁਰਮਾਨ ਹੈ –

**ਗਰਭ ਵਾਸ ਮਹਿ ਕੁਲੁ ਨਹੀਂ ਜਾਤੀ ॥**

**ਬ੍ਰਹਮ ਬਿੰਦੁ ਤੇ ਸਭ ਉਤਪਾਤੀ॥੧॥**

................

**ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥**

**ਤਉ ਆਨ ਬਾਟ ਕਾਹੇ ਨਹੀਂ ਆਇਆ ॥੨॥**

**ਤੁਮ ਕਤ ਬ੍ਰਾਹਮਣੁ ਹਮ ਕਤ ਸੂਦ॥**

**ਹਮ ਕਤ ਲੋਹੂ ਤੁਮ ਕਤ ਦੂਧ ॥੩॥**

**ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥**

**ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥੪॥**

**ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 324 ਰਾਗੁ ਗਉੜੀ**

**ਅਵਲਿ ਅਲਹ ਨੂਰੁ ਉਪਾਇਆ**

**ਕੁਦਰਤਿ ਕੇ ਸਭ ਬੰਦੇ॥**

**ਏਕ ਨੂਰ ਤੇ ਸਭੁ ਜਗੁ ਉਪਜਿਆ**

**ਕਉਨ ਭਲੇ ਕੋ ਮੰਦੇ ॥੧॥**

**ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1349 ਰਾਗੁ ਪ੍ਰਭਾਤੀ**



**ਸੰਤ ਸਰਵਣ ਦਾਸ ਜੀ**
**ਡੇਰਾ ਸੱਚਖੰਡ ਬੱਲਾਂ**
**ਜੀ ਦੇ ਬਰਸੀ ਸਮਾਗਮ**
**11 ਜੂਨ 2025 'ਤੇ**
**ਉਨ੍ਹਾਂ ਨੂੰ ਕੋਟਿਨ-ਕੋਟਿ ਪ੍ਰਣਾਮ!**

---

**(ਸੰਪਾਦਕੀ ਸਫ਼ੇ ਦੀ ਬਾਕੀ)**

ਜੀਵਾਂ ਦੀ ਬਲੀ ਦਿੰਦੇ ਹਨ। ਇਸ ਤਰ੍ਹਾਂ ਕਰਕੇ ਉਹ ਆਪਣਾ ਆਉਣ ਵਾਲਾ ਸਮਾਂ ਵਿਗਾੜੀ ਜਾ ਰਹੇ ਹਨ। ਅਜਿਹੀ ਪੂਜਾ ਅਤੇ ਬਲੀਆਂ ਦੇਣਾ ਉਹ ਲੋਕਚਾਰੀ ਰਸਮਾਂ ਨੂੰ ਨਿਭਾਉਣ ਖਾਤਿਰ ਅਤੇ ਦੇਵੀ-ਦੇਵਤਿਆ ਤੇ ਪਿੱਤਰਾਂ ਦੇ ਡਰ ਤੋਂ ਸਹਮੇ ਹੋਏ ਕਰੀ ਜਾ ਰਹੇ ਹਨ ਕਿ ਕਿਤੇ ਇਹ ਦੇਵਤੇ ਅਤੇ ਪਿੱਤਰ ਉਨ੍ਹਾਂ ਉੱਪਰ ਕਰੂਪੇ ਹੋ ਕੇ ਉਨ੍ਹਾਂ ਦਾ ਕੁਝ ਵਿਗਾੜ ਨਾ ਦੇਣ।

ਅਸਲ ਵਿਚ ਅਜਿਹੇ ਲੋਕ ਪਾਰਬ੍ਰਹਮ ਪ੍ਰਭ ਦੀ ਵਿਚਾਰਧਾਰਾ ਨੂੰ ਨਹੀਂ ਸਮਝਦੇ ਅਤੇ ਨਾਂ ਹੀ ਉਨ੍ਹਾਂ ਨੂੰ ਉਸ ਆਤਮਕ ਅਵਸਥਾ ਦੀ ਸੋਝੀ ਹੈ, ਜਿਹੜੀ ਉਸ ਪ੍ਰਭ ਦਾ ਨਾਮ ਸਿਮਰਿਆਂ ਬਣਦੀ ਹੈ।

**ਦੇਵੀ ਦੇਵਾ ਪੂਜਹਿ ਡੋਲਹਿ ਪਾਰਬ੍ਰਹਮ ਨਹੀ ਜਾਨਾ ॥**


**ਕਹਤ ਕਬੀਰ ਅਕੁਲੁ ਨਹੀ ਚੇਤਿਆ ਬਿਖਿਆ ਸਿਉ ਲਪਟਾਨਾ॥੪॥੧॥੪੫॥** **(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 332)**

ਸਤਿਗੁਰੂ ਕਬੀਰ ਜੀ ਅਜਿਹੇ ਲੋਕਾਂ ਬਾਬਤ ਕਥਨ ਕਰਦੇ ਹਨ ਕਿ ਇਨ੍ਹਾਂ ਦੀ ਅਜੀਬੋ-ਗਰੀਬ ਸਥਿਤੀ ਹੈ ਕਿ ਇਹ ਲੋਕ ਮਿੱਟੀ ਦੇ ਇਨ੍ਹਾਂ ਦੇਵੀ ਦੇਵਤਿਆਂ ਨੂੰ ਪੂਜਦੇ ਵੀ ਹਨ ਤੇ ਇਨ੍ਹਾਂ ਤੋਂ ਡੋਲਦੇ ਭਾਵ ਡਰਦੇ ਵੀ ਹਨ। ਇਸ ਦਾ ਅਸਲ ਕਾਰਨ ਇਹੀ ਹੈ ਇਨ੍ਹਾਂ ਲੋਕਾਂ ਨੇ ਪਾਰਬ੍ਰਹਮ ਨੂੰ ਜਾਣਿਆ ਨਹੀਂ। ਹੇ ਭਾਈ ਤੁਸੀਂ ਸੰਸਾਰ ਦੀ ਮਾਇਆ ਵਿਚ ਗ੍ਰਸਤ ਹੋਇਆਂ ਨੇ ਜਾਤ-ਕੁਲ ਵਿਚ ਜਨਮ ਲੈਣ ਵਾਲੇ ਦੇਵੀ ਦੇਵਤਿਆਂ ਨੂੰ ਤਾਂ ਪੂਜਿਆ ਹੈ ਪਰ ਆਪਣੇ ਅਸਲੇ ਉਸ ਅਕਾਲ ਪੁਰਖ ਨੂੰ ਸਿਮਰਿਆ ਨਹੀਂ ਜਿਹੜਾ ਕਿਸੇ ਜਾਤ-ਕੁਲ ਵਿਚ ਜਨਮ ਨਹੀਂ ਲੈਂਦਾ। ਇਸੇ ਬੇਸਮਝੀ ਕਾਰਨ ਤੁਸੀਂ ਆਪਣੇ ਜੀਵਨ ਨੂੰ ਖੁਆਰ ਕਰੀ ਜਾ ਰਹੇ ਹੋ।

ਆਓ ਸਤਿਗੁਰੂ ਕਬੀਰ ਜੀ ਦੀ ਪਾਵਨ ਬਾਣੀ ਅਤੇ ਵਿਚਾਰਧਾਰਾ ਤੋਂ ਆਪ ਅਗਵਾਈ ਲਈਏ ਅਤੇ ਅਤੇ ਇਸ ਪਾਵਨ ਸੰਦੇਸ਼ ਨੂੰ ਜਨ-ਜਨ ਤੱਕ ਪਹੁੰਚਾਉਣ ਦਾ ਉਪਰਾਲਾ ਕਰੀਏ।

**ਸੂਰਤੀ ਲਾਲ**
**ਮੁੱਖ ਸੰਪਾਦਕ "ਬਹੁਜਨ ਉਜਾਲਾ"**
**ਪਿੰਡ ਮਾਧੋਪੁਰ ਡਾਕਖਾਨਾ, ਭੋਗਪੁਰ ਜਲੰਧਰ, ਮੋ. 62849-38848**

ਆਦਿ ਧਰਮ ਮੰਡਲ ਦੇ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ



# ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ

(14 ਜਨਵਰੀ 1886 ਤੋਂ 22 ਅਪ੍ਰੈਲ 1980)

(ਬਾਨੀ ਆਦਿ ਧਰਮ ਲਹਿਰ, ਸਾਬਕਾ ਐਮ.ਐਲ.ਏ, ਫਰੀਡਮ ਫਾਈਟਰ ਗਦਰ ਪਾਰਟੀ, ਸਾਬਕਾ ਐਮ. ਬੀ. ਡੀ., ਸਾਬਕਾ ਪ੍ਰਧਾਨ ਪੰਜਾਬ ਸ਼ਡੂਲਡ ਕਾਸਟ ਫੈਡਰੇਸ਼ਨ, ਸਾਬਕਾ ਪ੍ਰਧਾਨ ਆਲ-ਇੰਡੀਆ ਆਦਿ-ਧਰਮ ਫੈਡਰੇਸ਼ਨ)

ਲੇਖਕ : ਸੀ.ਐਲ. ਚੁੰਬਰ

**"ਉੱਘੇ ਸਮਾਜ ਸੇਵਕ, ਸਾਬਕਾ ਤਹਿਸੀਲ ਭਲਾਈ ਅਫਸਰ, ਬਹੁਜਨ ਸਮਾਜ ਬੁਲੇਟਿਨ ਦੇ ਰੈਜੀਡੈਂਟ ਐਡੀਟਰ, ਬਹੁਜਨ ਸਮਾਜ ਦੇ ਜਾਣੇ-ਪਛਾਣ ਨਿਧੱੜਕ, ਨਿਰਪੱਖ, ਬੇਖੌਫ, ਨਿਰਪੱਖ ਲੇਖਣੀ ਦੇ ਬੇਤਾਜ ਮਹਾਨ ਚਿੰਤਕ ਅਤੇ ਲੇਖਕ ਮਾਨਯੋਗ ਸੀ.ਐਲ. ਚੁੰਬਰ, ਐਡੀਟਰ-ਇੰਨ-ਚੀਫ ਕੌਮੀ ਉਡਾਰੀਆਂ ਜਲੰਧਰ, (ਪੰਜਾਬ) ਭਾਰਤ, ਸ੍ਰੀਮਾਨ ਸੀ.ਐਲ. ਚੁੰਬਰ, ਨੇ ਆਦਿ ਧਰਮ ਮੰਡਲ ਦੇ ਦਸਤਾਵੇਜਾਂ ਨੂੰ ਬਹੁਜਨ ਸਮਾਜ ਬੁਲੇਟਿਨ ਦੇ ਅੰਕ 9 ਵਿੱਚ "ਨਾਮ ਮੰਗੂ ਰਾਮ ਜੀ ਦਾ ਭੁੱਲਣਾ ਨਹੀਂ ਚਾਹੀਦਾ" ਦੇ ਸਿਰਲੇਖ ਹੇਠ ਪ੍ਰਕਾਸ਼ਿਤ ਕੀਤਾ। ਜਿਸਨੂੰ ਕਿ ਪਾਠਕਾਂ ਦੇ ਰੂਬਰੂ ਕੀਤਾ ਜਾ ਰਿਹਾ ਹੈ। ਉਮੀਦ ਹੈ ਆਪ ਸਭ ਪਸੰਦ ਕਰੋਗੇ।"**
**ਸੰਪਾਦਕ ਬਹੁਜਨ ਉਜਾਲਾ**

ਪੰਜਾਬ ਦੇ ਮਹਾਨ ਸਪੂਤ, ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ, ਜਿਸ ਨੇ ਸਾਨੂੰ ਪੜ੍ਹਣ ਅਤੇ ਨੌਕਰੀਆਂ ਕਰਨ ਦਾ ਅਧਿਕਾਰ, ਵੋਟ ਦਾ ਅਧਿਕਾਰ, ਜ਼ਮੀਨ ਖਰੀਦਣ ਦਾ ਅਧਿਕਾਰ ਦਵਾ ਕੇ ਸਮਾਜ ਵਿੱਚ ਸਿਰ ਉੱਚਾ ਚੁੱਕ ਕੇ ਚਲਣਾ ਸਿਖਾਇਆ, ਨੂੰ ਦਲਿਤ ਸਮਾਜ ਵਲੋਂ ਬਹੁਤ ਘੱਟ ਯਾਦ ਕੀਤਾ ਜਾਂਦਾ ਹੈ। ਇਸ ਮਹਾਨ ਨੇਤਾ ਅਤੇ ਦੇਸ਼ ਭਗਤ ਦੀ ਦੇਣ ਹੋਰਨਾਂ ਸਮਾਜ ਸੁਧਾਰਕਾਂ ਅਤੇ ਰਾਜਨੀਤਿਕ ਨੇਤਾਵਾਂ ਤੋਂ ਘੱਟ ਨਹੀਂ ਹੈ। ਬਾਬੂ ਜੀ ਪੜ੍ਹੇ ਲਿਖੇ, ਘਰੋਂ ਸੁਖਾਲੇ ਅਤੇ ਬਹਾਦੁਰ ਨੌਜਵਾਨ ਸਨ। ਵਿਦੇਸ਼ਾਂ ਵਿੱਚ 16 ਸਾਲ ਤੱਕ ਰਹਿ ਕੇ ਉਨ੍ਹਾਂ ਨੇ ਜੋ ਇੱਜ਼ਤ ਮਾਣ, ਬਰਾਬਰੀ ਦਾ ਦਰਜਾ ਤੇ ਜ਼ਿੰਦਗੀ ਦੀਆਂ ਸਭ ਸਹੂਲਤਾਂ ਮਾਣੀਆਂ, ਉਹ ਚਾਹੁੰਦੇ ਸਨ ਕਿ ਹਰ ਅਛੂਤ ਸਮਝਿਆ ਜਾਣ ਵਾਲਾ ਇਨਸਾਨ ਇਨ੍ਹਾਂ ਸਹੂਲਤਾਂ ਦਾ ਅਨੰਦ ਮਾਣੇ। ਸੰਨ 1926 ਵਿੱਚ 40 ਸਾਲ ਦੀ ਉਮਰ ਵਿੱਚ ਜੋ ਰਸਤਾ ਬਾਬੂ ਜੀ ਨੇ ਚੁਣਿਆ, ਉਹ ਬੜਾ ਭਿਆਨਕ ਪਰ ਸਵੈਮਾਨਤਾ ਭਰਪੂਰ ਸੀ। ਬਾਬੂ ਜੀ ਦੀ ਸਖਤ ਜੱਦੋ-ਜਹਿਦ ਦਾ ਹੀ ਫਲ ਹੈ ਕਿ ਅੱਜ ਅਸੀਂ ਆਦਿ ਧਰਮ ਮੰਡਲ ਦੁਆਰਾ ਸਰਕਾਰ ਪਾਸੋਂ ਮੰਨਵਾਈਆਂ ਮੰਗਾਂ ਦਾ ਅਨੰਦ ਮਾਣ ਰਹੇ ਹਾਂ। ਸਮੁੱਚੀ ਆਦਿ-ਧਰਮੀ ਕੌਮ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਸੁਕਰਗੁਜਾਰ ਹੈ, ਜਿਨ੍ਹਾਂ ਨੇ ਸਾਡੀ ਕੌਮ ਦੀਆਂ ਹਜ਼ਾਰਾਂ ਸਾਲ ਪੁਰਾਣੀਆਂ ਗੁਲਾਮੀ ਦੀਆਂ ਜੰਜੀਰਾਂ ਤੋੜ ਕੇ ਸਾਨੂੰ ਮਾਨਵੀ ਅਧਿਕਾਰ ਲੈ ਕੇ ਦਿੱਤੇ। ਬਾਬੂ ਜੀ ਸਾਡੇ ਸਮਾਜ ਦੇ ਚਾਨਣ ਮੁਨਾਰੇ ਬਣੇ ਰਹਿਣਗੇ।

**ਵਾਇਸਰਾਏ ਅਤੇ ਗਵਰਨ ਜਨਰਲ ਨੂੰ ਯਾਦ ਪੱਤਰ -** 1931 ਦੀ ਮਰਦਮ ਸ਼ੁਮਾਰੀ ਤੋਂ ਬਾਅਦ ਅਤੇ ਗੋਲਮੇਜ਼ ਕਾਨਫਰੰਸ ਵਿੱਚ ਨਾਮਜ਼ਦਗੀ ਤੋਂ ਪਹਿਲਾਂ ਬਾਬੂ ਮੁੱਗੋਵਾਲੀਆ ਨੇ ਮਿਸਰਟ ਫਰੀਮੈਂਨ ਥਾਮਸ, ਅਰਲ ਆਫ ਵਿਲਿੰਗਡਨ, ਜੀ ਐਮ ਐਸ ਆਈ, ਜੀ.ਜੀ.ਐਮ. ਜੀ., ਜੀ.ਐਮ.ਆਈ.ਈ, ਜੀ.ਵੀ ਈ. ਵਾਇਸਰਾਏ ਅਤੇ ਗਵਰਨਰ ਜਨਰਲ ਆਫ ਇੰਡੀਆ ਨੂੰ ਯਾਦ ਪੱਤਰ ਭੇਜਿਆ। ਇਸ ਯਾਦ ਪੱਤਰ ਵਿੱਚ ਆਦਿ-ਧਰਮੀਆਂ ਦੇ ਇਤਹਾਸ ਅਤੇ ਉਨ੍ਹਾਂ ਉੱਪਰ ਉੱਚ ਜਾਤੀ ਦੇ ਜ਼ੁਲਮਾਂ ਨੂੰ ਚਿੱਤਰਿਆ ਹੈ ਆਦਿ-ਧਰਮੀਆ ਨੂੰ ਦੁਨੀਆਂ ਦੀ ਪ੍ਰਾਚੀਨਤਮ ਅਤੇ ਉੱਤਮ ਨਸਲ ਐਲਾਨਦਿਆਂ ਕਿਹਾ ਕਿ 5000 ਸਾਲ ਪਹਿਲਾਂ ਉਨ੍ਹਾਂ ਦਾ ਭਾਰਤ ਉੱਤੇ ਰਾਜ ਸੀ ਅਤੇ ਮੱਧ ਏਸ਼ੀਆ ਤੋਂ ਆਏ ਆਰੀਆ ਨੇ ਇਨ੍ਹਾਂ ਨੂੰ ਗੁਲਾਮ ਬਣਾਇਆ ਹੈ ਆਦਿ-ਧਰਮੀਆ ਉੱਪਰ ਉੱਚ ਜਾਤੀ ਹਿੰਦੂਆਂ ਅਤੇ ਅੰਗਰੇਜ਼ਾਂ ਦੀਆ ਦੋ ਸਰਕਾਰਾਂ ਦਾ ਰਾਜ ਦੱਸਿਆ ਹੈ।

ਯਾਦ ਪੱਤਰ ਵਿੱਚ ਪੰਜਾਬ ਵਿੱਚ ਮੁਸਲਿਮ ਰਾਜ ਰਹਿਣ ਕਾਰਨ ਦੂਜੇ ਰਾਜਾਂ ਮੁਕਾਬਲੇ ਘੱਟ ਛੂਆਂ ਛਾਤ ਦਾ ਦਾਅਵਾ ਕੀਤਾ ਹੈ ਪਰ ਰਾਜਨੀਤਕ ਤੌਰ ਤੇ ਗਏ ਗੁਜਰੇ ਕਿਹਾ ਹੈ ਕਿਉਂਕਿ ਪੰਜਾਬ ਵਿਚ ਵਿਧਾਨ ਪ੍ਰੀਸ਼ਦ ਜਾਂ ਸਥਾਨਕ ਸਰਕਾਰ ਵਿਚ ਇੱਕੋ ਵੀ ਮੈਂਬਰ ਨੂੰ ਨਾਮਜ਼ਦ ਨਹੀਂ ਕੀਤਾ ਜਦੋਂ ਕਿ ਦੂਜੇ ਸੂਬਿਆਂ ਵਿਚ 1 ਤੋਂ 11 ਤੱਕ ਨਾਮਜ਼ਦਗੀਆਂ ਇਨ੍ਹਾਂ ਵਰਗਾਂ

ਚੋਂ ਕੀਤੀਆਂ ਹਨ। ਸੰਯੁਕਤ ਚੋਣ ਖੇਤਰ ਪ੍ਰਬੰਧ ਦੀ ਥਾਂ ਵੱਖਰੇ ਚੋਣ ਪ੍ਰਬੰਧ (Separate Electrate) ਨੂੰ ਆਦਿ-ਧਰਮੀਆ ਦੇ ਰਾਜਨੀਤਕਨ ਅਤੇ ਸਮਾਜਿਕ ਅਤੇ ਇੱਥੋ ਤੱਕ ਕਿ ਨੈਤਿਕ ਮੁਕਤੀ ਦੇ ਲਈ ਸਹਾਈ ਦੱਸਿਆ। ਆਦਿ-ਧਰਮੀਆਂ ਦੀ ਮੌਜੂਦਾ ਸਥਿਤੀ ਦਾ ਵਰਨਣ ਕਰਦਿਆਂ ਉਨ੍ਹਾਂ ਦੀ ਸਥਿਤੀ ਵਿੱਚ ਸੁਧਾਰ ਲਈ 15 ਮੰਗਾਂ ਰੱਖੀਆਂ। ਜਿਨ੍ਹਾਂ ਵਿੱਚੋਂ ਮੁੱਖ ਸਨ:

1. ਆਦਿ-ਧਰਮ ਨੂੰ ਹਿੰਦੂ ਧਰਮ ਤੋਂ ਵੱਖਰਾ ਮੰਨਣਾ।

2. ਐਮ.ਐਲ.ਏ ਆਦਿ ਦੀ ਚੋਣ ਮੰਡਲ ਵਲੋਂ ਕਰਨਾ।

3. ਧਾਰਮਿਕ ਘੱਟ ਗਿਣਤੀਆ ਦੀ ਨੁਮਾਇੰਦਗੀ ਦੇ ਮੁੱਦੇ ਨੂੰ ਨਿਜੱਠਣ ਤੋਂ ਪਹਿਲਾਂ ਕੇਂਦਰ ਸੰਵਿਧਾਨ ਵਿੱਚ ਸੋਧ ਨਾ ਕੀਤੀ ਜਾਵੇ, ਪੁਲਿਸ, ਸਿਵਲ, ਫੌਜ, ਸਿੱਖਿਆ, ਰੇਲਵੇ ਅਤੇ ਸਿਹਤ ਆਦਿ ਖੇਤਰਾਂ ਵਿੱਚ ਬਣਦੀ ਨੁਮਾਇੰਦਗੀ ਦੇਣਾ।

4. ਆਦਿ-ਧਰਮੀ ਨਾਂ ਥੱਲੇ ਫੌਜੀ ਰੈਜੀਮੈਂਟ ਦੀ ਸਥਾਪਨਾ ਕਰਨਾ।

5. ਮਿਊਂਸਪਲਟੀਆਂ, ਡਿਸਟ੍ਰਿਕਟ ਬੋਰਡਾਂ, ਕੌਂਸਲਾਂ ਅਤੇ ਅਸੰਬਲੀ ਵਿੱਚ ਅਬਾਦੀ ਅਨੁਸਾਰ 18 ਪ੍ਰਤੀਸ਼ਤ ਨੁਮਾਇਦਗੀ ਦੀ ਮੰਗ।

6. ਪੰਜਾਬ ਭੂਮੀ ਇੰਤਕਾਲ ਆਦਿ ਐਕਟ 1900 ਵਿੱਚ ਆਦਿ-ਧਰਮੀਆਂ ਨੂੰ ਸਹੂਲਤਾਂ ਦੇਣ ਸਬੰਧੀ ਸੋਧ ਕਰਨਾ।

7. ਦੂਜੀਆ ਕੌਮਾਂ ਵਾਂਗ ਜਾਇਦਾਦ ਦਾ ਅਧਿਕਾਰ ਦੇਣਾ, ਪੰਜਾਬ ਸਰਕਾਰ ਕੋਲ ਪਈ 151872 ਹਜ਼ਾਰ ਏਕੜ ਜ਼ਮੀਨ ਅਣਵਾਹੀ ਪਈ ਹੈ ਜੋ ਦੂਜੀਆਂ ਕੌਮਾ ਵਾਂਗ ਆਦਿ-ਧਰਮੀਆਂ ਵਿੱਚ ਵੰਡੀ ਜਾਵੇ।

8. ਆਦਿ-ਧਰਮੀਆਂ ਨੂੰ ਆਪਣੇ ਆਦਿ-ਧਰਮੀ ਭਰਾ ਦੀ ਜ਼ਾਮਨੀ ਦੇਣ ਦਾ ਕਾਨੂੰਨ ਹੋਵੇ।

9. ਆਦਿ-ਧਰਮੀਆਂ ਤੇ ਜ਼ਰਾਇਮ ਪੇਸ਼ਾ ਦਾ ਧੱਬਾ ਧੋਣਾ, ਵਿਦੇਸ਼ਾ ਖਾਸ ਕਰਕੇ ਕਨੇਡਾ, ਨਿਊਜ਼ੀਲੈਂਡ, ਅਸਟ੍ਰੇਲੀਆਂ ਆਦਿ ਵਿੱਚ ਜਾਣ ਦੀ ਇਜ਼ਾਜ਼ਤ ਦੇਣ ਕਿਉਂਕਿ ਆਦਿ-ਧਰਮੀ ਗਰੀਬ ਹਨ।

10. ਪ੍ਰਸ਼ਾਸਨ ਟੈਕਸ ਆਦਿ-ਧਰਮੀਆਂ ਤੋਂ ਖਤਮ ਕਰਨਾ, ਜਦੋਂ ਤੱਕ ਉਨ੍ਹਾਂ ਨੂੰ ਸਬੰਧਤ ਅਦਾਰਿਆਂ ਵਿੱਚ ਬਣਦੀ ਨੁਮਾਇੰਦਗੀ ਸਰਕਾਰ ਨਹੀ ਦਿੰਦੀ।

11. ਬੈਂਕਾਂ ਆਦਿ-ਧਰਮੀਆਂ ਨੂੰ ਕਰਜ਼ੇ ਨਹੀਂ ਦਿੰਦੀਆਂ ਇਸ ਲਈ ਸਪੈਸ਼ਲ ਬੈਂਕਿੰਗ ਪ੍ਰਬੰਧ ਸਰਕਾਰ ਦੇ ਅਧੀਨ ਹੋਣੇ ਚਾਹੀਦੇ ਹਨ, ਜਾਂ ਤਾਂ ਪੰਚਾਇਤ ਵਿੱਚ ਆਦਿ-ਧਰਮੀਆਂ ਨੂੰ ਨੁਮਾਇੰਦਗੀ ਮਿਲੇ ਜਾਂ ਫਿਰ ਆਦਿ ਧਰਮੀਆਂ ਦੀਆਂ ਪੰਚਾਇਤਾਂ ਨੂੰ ਕਾਨੂੰਨੀ ਮਾਨਤਾ ਮਿਲੇ।

12. ਜਨ ਗਣਨਾ ਦੌਰਾਨ ਆਦਿ-ਧਰਮੀਆਂ ਉੱਪਰ ਸਿੱਖਾਂ ਅਤੇ ਹਿੰਦੂਆਂ ਦੇ ਜ਼ੁਲਮਾਂ ਕਾਰਨ ਇਹ ਜਨ ਗਣਨਾ ਪ੍ਰਵਾਨ ਨਹੀਂ। ਇਸ ਸਬੰਧੀ ਇੰਨਕੁਆਇਰੀ ਕਰਾ ਕੇ ਸਹੀ ਜਣਗਣਨਾ ਕੀਤੀ ਜਾਵੇ। ਆਦਿ ਧਰਮੀ ਲੜਕੇ ਲੜਕੀਆਂ ਲਈ ਵਧੀਆ ਪੜ੍ਹਾਈ ਦਾ ਪ੍ਰਬੰਧ ਕੀਤਾ ਜਾਵੇ।

13. ਨੈਸ਼ਨਲ ਸਕਾਲਰਸ਼ਿੱਪ ਦੇਣ ਅਤੇ ਆਦਿ-ਧਰਮੀਆਂ ਲਈ ਜਿੱਥੇ ਤੱਕ ਹੋ ਸਕੇ ਵੱਖਰੇ ਸਕੂਲ ਖੋਲ੍ਹੇ ਜਾਣ, ਆਦਿ-ਧਰਮ ਮੰਡਲ ਆਫ ਪੰਜਾਬ ਜਲੰਧਰ ਨੂੰ ਆਦਿ-ਧਰਮੀਆਂ ਦਾ ਨੁਮਾਇੰਦਾ ਸਮਝਿਆ ਜਾਵੇ। ਦਇਆ ਨੰਦ ਦਲਿਤ ਉਦਾਰ ਮੰਡਲ ਹੁਸ਼ਿਆਰਪੁਰ, ਪਤਿਤ ਉਦਾਰ ਮੰਡਲ, ਅਛੂਤ ਉਦਾਰ ਮੰਡਲ ਅਤੇ ਅੰਤਜ ਉਦਾਰ ਮੰਡਲ ਲਾਹੌਰ ਆਦਿ-ਧਰਮੀਆਂ ਦੇ ਨੁਮਾਇੰਦਗੇ ਨਹੀਂ ਹਨ, ਮਤੇ ਪਾਸ ਕੀਤੇ।

14. ਲੰਡਨ ਵਿਖੇ ਆਯੋਜਿਤ ਹੋਣ ਜਾ ਰਹੀ ਗੋਲਮੇਜ ਕਾਨਫਰੰਸ ਵਿੱਚ ਆਦਿ ਧਰਮੀਆਂ ਦਾ ਘੱਟ ਤੋ ਘੱਟ ਇੱਕ ਨੁਮਾਇੰਦਾਂ ਭੇਜਿਆ ਜਾਵੇ।

15. ਸਰਕਾਰ ਆਦਿ-ਧਰਮ ਮੰਡਲ ਰਾਹੀਂ ਚਮੜੇ ਦੀ ਵਸਤਾਂ ਫੌਜ ਪੁਲਿਸ ਆਦਿ ਲਈ ਖਰੀਦੇ ਤਾਂ ਜੋ ਇਨ੍ਹਾਂ ਦੀ ਆਰਥਿਕ ਹਾਲਤ ਸੁਧਰੇ। ਇਹ ਯਾਦ ਪੱਤਰ ਸੁੰਦਰ ਦਿੱਖ ਵਾਲਾ ਕਿਸ਼ਨ ਸਕੀਮ ਪ੍ਰੈਸ, ਰੇਲਵੇ ਰੋਡ ਜਲੰਧਰ ਸ਼ਹਿਰ ਤੋਂ ਛਪਿਆ ਜਿੱਥੋਂ ਆਦਿ ਡੰਕਾਂ ਛੱਪਦਾ ਸੀ ਅੱਜ ਕੱਲ੍ਹ ਉਨ੍ਹਾਂ ਦੀ ਪ੍ਰੈਸ ਦਾ ਨਾਮ ਸੋਨੀ ਪ੍ਰਿੰਟਿੰਗ ਪ੍ਰੈਸ ਹੈ।

**ਪ੍ਰਧਾਨ ਫ੍ਰੈਂਚਾਈਜ਼ ਕਮੇਟੀ ਨੂੰ ਮਿਲਣ ਨੂੰ ਯਾਦ ਪੱਤਰ 1932 ਈ:** - 30 ਮਾਰਚ 1932 ਨੂੰ ਰਾਤ 8 ਵਜੇ ਆਦਿ ਧਰਮ ਮੰਡਲ ਦੀ ਖਾਸ ਮੀਟਿੰਗ ਕਿਲਾ ਗੁੱਜਰ ਸਿੰਘ, ਫੇਰੂ ਰੋਡ, ਲਾਹੌਰ ਵਿੱਖੇ ਬਾਬੂ ਬਿਹਾਰੀ ਲਾਲ ਸਿਆਲਕੋਟ ਦੀ ਪ੍ਰਧਾਨਗੀ ਹੇਠ ਮੀਟਿੰਗ ਵਿੱਚ ਹੋਈ ਜਿਸ ਵਿਚ ਇਹ ਫੈਸਲਾ ਲਿਆ ਕਿ ਬਾਬੂ ਮੁੱਗੋਵਾਲੀਆ ਪ੍ਰਧਾਨ ਅਤੇ ਬਾਬੂ ਹਜਾਰਾ ਰਾਮ ਪਿਪਲਾਂ ਵਾਲਾ ਜਨਰਲ ਸਕੱਤਰ ਲਾਰਡ ਲੋਥੀਅਨ ਕਮੇਟੀ (ਫਰੈਂਚਾਈਜ਼ ਕਮੇਟੀ) ਨੂੰ ਪੰਜਾਬ ਕੌਂਸਲ ਵਿੱਚ ਮਿਲਣਗੇ। ਜਿਨ੍ਹਾਂ ਦੀ ਮੱਦਦ ਲਈ 15 ਆਦਿ ਧਰਮੀ ਆਗੂ ਵੀ ਨਾਲ

ਜਾਣਗੇ ਜਿਨ੍ਹਾਂ ਦੇ ਨਾਂ ਸਨ: ਪੰਡਿਤ ਹਰੀ ਰਾਮ ਉਪ ਪ੍ਰਧਾਨ, ਸੰਤ ਰਾਮ ਆਜ਼ਾਦ, ਰਾਮ ਚੰਦ ਸੰਪਾਦਕ, "ਆਦਿ ਡੰਕਾ", ਹਰਦਿੱਤਾ ਮੱਲ ਪ੍ਰਧਾਨ ਮਜ਼ਬੀ ਬਰਾਦਰੀ ਜ਼ਿਲ੍ਹਾ ਫਿਰੋਜ਼ਪੁਰ, ਭਗਤ ਗੁਲਾਬਾ ਮੱਲ, ਮੈਨੇਜਰ, ਮੈਨੇਜਿੰਗ ਕਮੇਟੀ, ਰੋਸ਼ਨ ਲਾਲ ਵਾਲਮੀਕ ਲਾਹੌਰ ਸ਼ਹਿਰ, ਬਿਹਾਰੀ ਲਾਲ ਸਿਆਲਕੋਟ, ਰੇਸੀ ਰਾਮ ਖਾਲਸਾ ਬਰਾਦਰੀ ਅੰਬਾਲਾ, ਰਾਮ ਸਿੰਘ ਕਬੀਰ ਪੰਥੀ ਜਿਲਾ ਹੁਸ਼ਿਆਰਪੁਰ, ਭੁੱਲਾ ਰਾਮ ਸੈਕਟਰੀ ਜ਼ਿਲ੍ਹਾ ਲਾਇਲਪੁਰ, ਚਮਨ ਲਾਲ ਰਵੀਦਾਸੀਆ ਜ਼ਿਲ੍ਹਾ ਲੁਧਿਆਣਾ, ਖੜਕੂ ਮੱਲ ਜ਼ਿਲ੍ਹਾ ਕਾਂਗੜਾ, ਉੱਤਮ ਚੰਦ ਚੀਚਾਵਤਨੀ, ਜ਼ਿਲ੍ਹਾ ਮਿੰਟਗੁਮਰੀ, ਹਰਦਿਆਲ ਡਲਹੌਜ਼ੀ।

**ਇਸ ਖਾਸ ਮੀਟਿੰਗ ਵਿੱਚ ਪੰਜ ਮਤੇ ਹੋਰ ਪਾਸ ਕੀਤੇ** :

**ਪਹਿਲਾ ਮਤਾ** : ਆਦਿ ਧਰਮੀ ਕੀ ਮਰਦ, ਕੀ ਔਰਤ, ਆਪਣੇ ਵਿਚਾਰ ਪ੍ਰਗਟ ਕਰਨ ਲਈ ਆਜ਼ਾਦ ਹਨ।

**ਦੂਜਾ** : ਮੰਡਲ ਵੱਖਰੇ ਚੋਣ ਕਰਤਾ ਪ੍ਰਨਾਲੀ ਦੇ ਪੱਖ ਵਿਚ ਹੈ।ਅਤੇ ਸੰਯੁਕਤ ਚੋਣ ਕਰਤਾ ਪ੍ਰਨਾਲੀ ਦੇ ਸਖਤ ਵਿਰੁੱਧ ਹੈ।

**ਤੀਜਾ ਮਤਾ** : ਰਾਜਾ ਮੁੰਜੇ ਪੈਕਟ ਦੀ ਸਖਤ ਵਿਰੋਧਤਾ ਕਰਦੇ ਹਾਂ।

**ਚੌਥਾ ਮਤਾ** : ਇਹ ਫੈਸਲਾ ਕਰਦੇ ਹਾਂ ਕਿ ਮਹਾਤਮਾ ਗਾਂਧੀ, ਕਾਂਗਰਸ, ਐਮ. ਸੀ. ਰਾਜਾ ਅਛੂਤਾਂ ਦੇ ਨੇਤਾ ਨਹੀਂ ਹਨ। ਸਗੋਂ ਡਾ. ਅੰਬੇਡਕਰ ਅਛੂਤਾਂ ਦੇ ਅਸਲੀ ਨੇਤਾ ਹਨ।

**ਪੰਜਵਾਂ ਮਤਾ** : ਹਿੰਦੂਵਾਦ, ਦਇਆਨੰਦ ਦਲਿਤ ਉਧਾਰ, ਅਛੂਤ ਉਧਾਰ ਅਤੇ ਆਰੀਆ ਸਮਾਜ ਅਛੂਤ ਵਰਗ ਨੂੰ ਧੋਖਾ ਦੇਣ ਲਈ ਬਣਾਏ ਗਏ ਹਨ। ਇਹ ਚਾਹੁੰਦੇ ਹਨ ਕਿ ਸਰਕਾਰ ਅਛੂਤਾਂ ਦੇ ਮਸਲਿਆ ਵਾਰੇ ਇਨ੍ਹਾਂ ਨਾਲ ਕੋਈ ਸੰਬੰਧ ਨਾ ਰੱਖੇ। ਇਨਾਂ ਮਤਿਆਂ ਦਾ ਪੱਤਰ ਬਾਬੂ ਪਿੱਪਲਾਂਵਾਲਾ ਵਲੋਂ ਪ੍ਰਧਾਨ, ਫਰੈਂਚਾਈਜ਼ ਕਮੇਟੀ ਲਾਹੋਰ ਨੂੰ 31 ਮਾਰਚ, 1932 ਨੂੰ ਲਿਖਿਆ।

ਜਿਸ ਲੈਟਰਪੈਡ 'ਤੇ ਇਹ ਪੱਤਰ ਟਾਈਪ ਕੀਤਾ ਉਸ ਉੱਪਰ 'ਆਦਿ ਧਰਮ ਮੰਡਲ (ਪੰਜਾਬ) ਜਲੰਧਰ ਸ਼ਹਿਰ' ਅੰਗਰੇਜ਼ੀ, ਪੰਜਾਬੀ ਅਤੇ ਉਰਦੂ ਵਿੱਚ ਲਿਖਿਆ ਹੈ। ਉੱਪਰ ਖੱਬੇ ਹੱਥ ਜੈ ਗੁਰਦੇਵ, ਸੱਜੇ ਹੱਥ ਆਦਿ-ਧਰਮ ਕੀ ਜੈ' ਅਤੇ ਵਿਚਕਾਰ ਵਿਚ "ਸੋਹੰ" ਛਪਿਆ ਹੈ। ਖੱਬੇ ਪਾਸੇ ਅਦਿ ਧਰਮ ਮੰਡਲ ਦੇ ਉਦੇਸ਼' ਸਿਰਲੇਖ ਹੇਠ ਛਪਿਆ ਹੈ :

1. ਆਦਿ ਧਰਮੀਆਂ ਦੇ ਖੁਸੇ ਹੋਏ ਹੱਕਾਂ ਦੀ ਪ੍ਰਾਪਤੀ ਕਰਨਾ।

2. ਮਨੂੰ ਸਿਮਰਤੀ ਅਤੇ ਹੋਰ ਸ਼ਾਸ਼ਤਰ ਜਿਨ੍ਹਾਂ ਵਿਚ ਆਦਿ ਧਰਮੀਆਂ ਨੂੰ ਗਿਰਾਇਆ ਗਿਆ ਕਾਨੂੰਨਨ ਜ਼ਬਤ ਕਰਾਉਣੇ।

3. ਜਾਤਪਾਤ ਦਾ ਪੱਖਵਾਦ ਛੱਡਕੇ ਏਕਤਾ ਪ੍ਰੇਮ ਵਧਾਉਣਾ।

4. ਆਦਿ ਧਰਮੀਆਂ ਦੇ ਦੁੱਖਾਂ ਦੀ ਹਾਲ ਪੁਕਾਰ ਗਵਰਨਮੈਂਟ ਤੱਕ ਪਹੁੰਚਾਉਣੀ।

5. ਜਥੇਬੰਦੀ ਅਤੇ ਵਿਦਿਆ ਦਾ ਹਾਸਲ ਕਰਨਾ।

ਉਦੇਸ਼ਾਂ ਦੀ ਡੱਬੀ ਦੇ ਨਾਲ ਟੇਢੇ ਰੋਕ ਲਿਖਿਆ ਹੈ- ਆਦ ਧਰਮ ਨਾ ਛੋਡਨਾ ਨਿਕਲ ਜਾਏ ਚਾਹੇ ਪ੍ਰਾਣ, ਛੋਟੇ ਬੜੇ ਸਭ ਮੰਨ ਲਉ ਬੁੱਢੇ ਅਤੇ ਜੁਆਨ।

**ਪੰਜਾਬ ਫਰੈਂਚਾਈਜ਼ ਕਮੇਟੀ, ਲਾਹੌਰ ਨੂੰ ਮੈਮੋਰੰਡਮ** : ਬਾਬੂ ਮੁੱਗੋਵਾਲੀਆ ਨੇ ਪੰਜਾਬ ਫਰੈਂਚਾਈਜ਼ ਕਮੇਟੀ, ਲਾਹੌਰ ਨੂੰ ਇੱਕ ਮੈਮੋਰੰਡਮ ਦਿੱਤਾ ਜੋ ਆਦਿ-ਧਰਮ ਮੰਡਲ ਦੀ ਫਿਲਾਸਪੀ ਨੂੰ ਬੜਾ ਉਘਾੜ ਕੇ ਪੇਸ਼ ਕਰਦਾ ਹੈ ਅਤੇ ਆਦਿ-ਧਰਮ ਨੂੰ ਇੱਕ ਵੱਖਰੇ ਧਰਮ ਵਜੋਂ ਅਤੇ ਆਦਿ-ਧਰਮੀ ਇੱਕ ਵੱਖਰੀ ਕੌਮ ਵਜੋ ਪੇਸ਼ ਕਰਦਾ ਹੈ ਉੱਚ ਜਾਤੀਆਂ ਵਲੋਂ ਆਦਿ-ਧਰਮੀਆਂ 'ਤੇ ਕੀਤੇ ਜ਼ੁਲਮਾਂ ਲਈ ਮਨੂੰ ਸਿਮਰਤੀ 17 ਸਲੋਕਾਂ, ਵਿਸ਼ਨੂੰ ਸਿਮਰਤੀ ਵਿੱਚੋਂ ਇੱਕ ਸਲੋਕ, ਮਹਾਂਰਿਸ਼ੀ ਗੋਤਮ ਧਰਮ ਸੂਤਰ ਦੇ ਇੱਕ ਸਲੋਕ ਅਤੇ ਭਗਵਾਨ ਬਾਲਮੀਕ ਰਮਾਇਣ ਦੇ ਉੱਤਰ ਕਾਂਡ ਦੇ ਸਰਗ 87 ਦਾ ਹਵਾਲਾ ਦਿੱਤਾ ਹੈ। ਇਹ ਹਵਾਲੇ ਦੇ ਕੇ ਸਿੱਧ ਕੀਤਾ ਹੈ ਕਿ ਆਦਿ-ਧਰਮ ਹਿੰਦੂਆਂ ਤੋਂ ਅਲੱਗ ਕੌਮ ਹੈ ਅਤੇ ਹਿੰਦੂਆਂ ਵਿੱਚ ਕਿਸੇ ਕੀਮਤ ਤੇ ਸ਼ਾਮਲ ਨਾ ਹੋਣ ਦਾ ਦਾਅਬਾ ਕੀਤਾ ਹੈ "ਵੱਖਰੇ ਚੋਣ ਖੇਤਰ ਪ੍ਰਨਾਲੀ" ਤੇ ਜ਼ੋਰ ਦੇ ਕੇ ਕਿਹਾ ਕਿ ਇਸ ਵਿੱਚ ਅਸੀਂ ਅਸੰਬਲੀ ਵਿੱਚ ਸਹੀ ਅਵਾਜ਼ ਨਹੀਂ ਭੇਜ ਸਕਦੇ ਉਨ੍ਹਾਂ ਨੇ ਸਰਕਾਰ ਤੇ ਦੋਸ਼ ਲਾਇਆ ਕਿ ਉਸ ਨੇ ਸਾਨੂੰ ਹਿੰਦੂਆਂ ਨਾਲ ਨੱਥੀ ਕਰਕੇ ਸਦਾ ਬੇਇੰਨਸਾਫੀ ਕੀਤੀ ਹੈ।

1921 ਦੀ ਜਨ ਗਣਨਾ ਜਾਤੀਵਾਰ ਦੀ ਲਿਸਟ ਦਿੱਤੀ ਹੈ ਜਿਸ ਵਿੱਚ 40 ਲੱਖ ਡਿਪ੍ਰੈਸਡ ਕਲਾਸਿਜ਼ ਦੀ ਗਿਣਤੀ ਹੈ 1931 ਦੀ ਜਨ ਗਣਨਾ ਵਿੱਚ 4.5 ਲੱਖ ਵਲੋਂ ਆਦਿ-ਧਰਮ ਲਿਆਉਣ ਤੇ ਉਨ੍ਹਾਂ ਵਲੋਂ ਜਗੀਰਦਾਰਾਂ ਅਤੇ ਸਰਮਾਏਦਾਰਾਂ ਵਲੋ ਕੀਤੇ ਜ਼ੁਲਮਾਂ ਬਾਰੇ ਲਿਖਿਆ ਹੈ ਕਿ ਇਹ ਜ਼ੁਲਮ ਨਾ ਹੁੰਦੇ ਤਾਂ ਇਹ ਗਿਣਤੀ ਹੋਰ ਵੀ ਵਧ ਜਾਂਦੀ, ਇਹ ਤਰੱਕੀ ਸਿਰਫ 5 ਸਾਲਾਂ ਵਿੱਚ ਹੋਈ ਕਿਉਂਕਿ 1925 ਵਿੱਚ ਆਦਿ ਧਰਮ ਮੰਡਲ

ਦੀ ਸਥਾਪਨਾ ਹੋਈ ਸੀ। ਬਾਲਗ ਵੋਟ ਦੀ ਮੰਗ ਕੀਤੀ ਗਈ ਕਿਉਂਕਿ ਆਦਿ-ਧਰਮੀਆ ਕੋਲ ਵੋਟ ਦੀ ਸ਼ਰਤ ਪੂਰੀ ਕਰਨ ਲਈ ਜਾਇਦਾਦ ਆਦਿ ਨਹੀਂ ਸੀ । ਸੈਕੰਡਰੀ ਵੋਟ ਦੀ ਵਿਰੋਧਤਾ ਕੀਤੀ।

ਸਰਕਾਰ ਵਲੋਂ ਅਛੂਤਾਂ ਲਈ ਵੱਖਰੇ ਚੋਣ ਖੇਤਰ ਬਣਾਉਣ ਤੇ ਟਾਲ ਮਟੋਲ ਕਰਨ ਤੇ ਬਾਬੂ ਜੀ ਨੇ ਦਲੀਲ ਕੀਤੀ ਕਿ ਜੇ ਹਿੰਦੂਆਂ, ਮੁਸਲਮਾਨਾਂ, ਸਿੱਖਾਂ, ਇਸਾਈਆਂ ਲਈ ਵੱਖਰੇ ਖੇਤਰ ਬਣ ਸਕਦੇ ਹਨ ਤਾਂ ਫਿਰ ਅਛੂਤਾਂ ਲਈ ਕਿਉ ਨਹੀਂ। ਹਿੰਦੂ ਲੀਡਰ ਰਾਜਾ ਨਰਿੰਦਰ ਨਾਥ ਮੈਂਬਰ ਗੋਲਮੇਜ ਕਾਨਫਰੰਸ ਅਤੇ ਡਾ. ਘੋਕਲ ਚੰਦ ਨਾਰੰਗ, ਮੰਤਰੀ ਸਥਾਈ ਪ੍ਰਸ਼ਾਸ਼ਨ ਪੰਜਾਬ ਸਰਕਾਰ 'ਤੇ ਵਰ੍ਹਦਿਆਂ, ਬਾਬੂ ਮੁੱਗੋਵਾਲੀਆ ਨੇ ਕਿਹਾ ਕਿ ਉਹ ਕਹਿੰਦੇ ਹਨ ਕਿ ਪੰਜਾਬ ਵਿੱਚ ਕੋਈ ਅਛੂਤ ਨਹੀਂ "ਜਦੋਂ ਕਿ ਪੰਜਾਬ ਰਿਫਾਰਮਜ਼ ਕਮੇਟੀ ਦੇ ਇੱਕ ਮੈਂਬਰ ਅਤੇ ਸਾਈਮਨ ਕਮਿਸ਼ਨ ਨੇ ਡਿਸਪ੍ਰੈਸਡ ਕਲਾਸਿਸ ਨੂੰ ਵੱਖਰੇ ਰਾਜਨੀਤਕ ਅਧਿਕਾਰ ਦੇਣ ਦੀ ਵਕਾਲਤ ਕੀਤੀ। ਇਸੇ ਛਪੇ ਪੱਤਰ ਉੱਪਰ ਬਾਬੂ ਮੁੱਗੋਵਾਲੀਆ ਅਤੇ ਬਾਬੂ ਪਿਪਲਾਂਵਾਲਾ ਅਤੇ ਬਾਬੂ ਹੰਸ ਰਾਜ ਪ੍ਰੇਮਗੜ੍ਹ ਸਾਬਕਾ ਪ੍ਰਧਾਨ ਆਦਿ ਧਰਮ ਮੰਡਲ ਦੇ ਨਾਂ ਛਪੇ ਹਨ। (ਦੀ ਰਿਪਨ ਪ੍ਰਿੰਟਿੰਗ ਪ੍ਰੈਸ, ਬੁੱਲ ਰੋਡ ਲਾਹੌਰ) ਤੋਂ ਇਸ ਪੱਤਰ ਨੂੰ ਛਪਵਾ ਕੇ ਲੋਕਾਂ ਵਿਚ ਵੀ ਵੰਡਿਆਂ ਗਿਆ।

ਅਖੀਰ ਵਿੱਚ ਬਾਬੂ ਮੁੱਗੋਵਾਲੀਆ ਨੇ ਪ੍ਰਧਾਨ, ਲਾਰਡ ਲੋਥੀਅਨ ਕਮੇਟੀ ਨੂੰ ਉਪਰੋਕਤ ਅਧਾਰ 'ਤੇ ਆਪਣੀ ਗਵਾਹੀ ਦੇਣ ਲਈ ਮੌਕਾ ਪੁੱਛਿਆ।

**ਬਾਬਾ ਸਾਹਿਬ ਅੰਬੇਡਕਰ ਦੀ ਪਹਿਲੀ ਪੰਜਾਬ ਫੇਰੀ 'ਤੇ ਸੁਆਗਤੀ ਭਾਸ਼ਨ** - ਆਦਿ ਧਰਮ ਮੰਡਲ ਨੇ ਡਾ. ਅੰਬੇਡਕਰ ਐਮ. ਏ., ਪੀ.ਐਚ.ਡੀ. ਬਾਰ ਐਟ ਲਾਅ, ਐਮ. ਐਲ.ਸੀ. ਮੈਂਬਰ ਇੰਡੀਅਨ ਫਰੈਂਚਾਈਜ਼ ਕਮੇਟੀ (ਲਾਰਡ ਲੋਥੀਅਨ ਕਮੇਟੀ) ਨੂੰ ਸੁਆਗਤੀ ਭਾਸ਼ਨ ਵਿਚ ਇਸ ਤਰ੍ਹਾਂ ਪੇਸ਼ ਕੀਤਾ : - "ਅਸੀਂ ਪੰਜਾਬ ਆਦਿ ਧਰਮ ਮੰਡਲ ਅਤੇ ਮੈਨੇਜਿੰਗ ਕਮੇਟੀ ਦੇ ਮੈਂਬਰ ਸਾਡੇ ਸੂਬੇ ਦੀ ਪਹਿਲੀ ਫੇਰੀ ਸਮੇਂ ਆਪ ਦਾ ਤਹਿ ਦਿਲੋਂ ਸੁਆਗਤ ਕਰਦੇ ਹਾਂ। ਅਸੀਂ ਆਪ ਵਲੋਂ ਬੰਬਈ ਵਿਧਾਨ ਸਭਾ ਪ੍ਰੀਸ਼ਦ ਦੇ ਮੈਂਬਰ ਵਜੋਂ ਲੰਡਨ ਵਿੱਚ ਭਾਰਤੀ ਗੋਲਮੇਜ਼ ਕਾਨਫਰੰਸ ਵਿੱਚ ਇਕ ਡੈਲੀਗੇਟ ਵਜ਼ੋਂ ਅਤੇ ਇੰਡੀਅਨ ਫਰੈਂਚਾਈਜ਼ ਕਮੇਟੀ (ਲਾਰਡ ਲੋਥੀਅਨ ਕਮੇਟੀ) ਦੇ ਇੱਕ ਮੈਂਬਰ ਵਜੋਂ ਡਿਪ੍ਰੈਸਡ ਕਲਾਸਿਜ਼ ਦੇ ਲੋਕਾਂ ਲਈ ਕੀਤੀਆਂ ਸੇਵਾਵਾਂ ਲਈ ਬਹੁਤ ਧੰਨਵਾਦੀ ਹਾਂ। ਤੁਸੀਂ ਇਹ ਜਾਣਕੇ ਹੈਰਾਨ ਹੋਵੋਗੇ ਕਿ ਉੱਚ ਜਾਤੀਆਂ ਵਲੋਂ ਸਾਡੇ ਸੂਬੇ ਵਿਚ ਸਾਡੀ ਹੋਂਦ ਤੋਂ ਮੁਕਰਿਆ ਜਾ ਰਿਹਾ ਹੈ। ਸਾਡੇ ਸੂਬੇ ਵਿਚ ਦੂਜੇ ਸੂਬਿਆਂ ਵਾਂਗ ਛੂਆ-ਛਾਤ ਬਰਕਰਾਰ ਹੈ। ਸਾਡੀ ਛੋਹ ਨਾਲ ਹੀ ਇਕ ਉੱਚੀ ਜਾਤੀ ਦਾ ਭਿਟਿਆ ਜਾਂਦਾ ਹੈ।

ਸਾਨੂੰ ਜਨਤਕ ਖੂਹਾਂ ਤੇ ਪਾਣੀ ਭਰਨ ਦੀ ਇਜ਼ਾਜਤ ਨਹੀਂ ਹੈ। ਬ੍ਰਾਹਮਣ ਪੁਜਾਰੀ ਸਾਡੀ ਪੂਜਾ ਪਾਠ ਨਹੀਂ ਕਰਵਾ ਸਕਦਾ। ਧੋਬੀ ਸਾਡੇ ਕੱਪੜੇ ਨਹੀਂ ਧੋ ਸਕਦਾ। ਨਾਈ ਸਾਡੀ ਹਜ਼ਾਮਤ ਨਹੀਂ ਕਰ ਸਕਦਾ। ਝਿਉਰ ਸਾਡਾ ਪਾਣੀ ਨਹੀਂ ਭਰ ਸਕਦਾ। ਸਾਡੇ ਵਿਆਹਾਂ ਸਮੇਂ ਅਤੇ ਹੋਰ ਤਿਓਹਾਰਾਂ ਮੌਕਿਆਂ ਸਮੇਂ ਅਸੀਂ ਪਿੰਡਾਂ ਵਿਚ ਡੋਲੀ ਲੈ ਕੇ ਨਹੀਂ ਲੰਘ ਸਕਦੇ ਅਤੇ ਬੈਂਡ ਨਹੀਂ ਵਜਾ ਸਕਦੇ।

ਅਸੀਂ ਨਾ ਤਾਂ ਸਾਂਝਾ ਕਾਰੋਬਾਰ ਕਰ ਸਕਦੇ ਹਾਂ ਅਤੇ ਨਾ ਹੀ ਇਕੱਠੇ ਵਿਚਰ ਸਕਦੇ ਹਾਂ। ਸੰਖੇਪ ਵਿੱਚ ਸਾਡੀ ਉਨ੍ਹਾਂ ਨਾਲ ਭੋਰਾ ਭਰ ਵੀ ਸਾਝ ਨਹੀਂ ਹੈ। (ਭੂਮੀ ਇੰਤਕਾਲ ਆਰਜੀ ਐਕਟ) ਨੇ ਡਿਪ੍ਰੈਸਡ ਕਲਾਸਿਜ਼ ਦੀ ਹਾਲਤ ਨਾਜ਼ੁਕ ਕਰ ਦਿੱਤੀ ਹੈ। ਇਸ ਕਾਨਫਰੰਸ ਵਿੱਚ ਵਿਦਿਆ ਨੂੰ ਪ੍ਰਫੁੱਲਤ ਕਰਨ ਲਈ ਸਿਖਿਆ ਮੰਤਰਾਲੇ ਨੇ ਆਪਣੇ ਮਤਾ ਨੰਬਰ 20181-ਜੀ, ਮਿਤੀ 19-11-1929 ਰਾਹੀ ਕੁੱਝ ਰਿਆਇਤਾਂ ਦਾ ਐਲਾਨ ਕੀਤਾ। ਇਹ ਪੰਜਾਬ ਦੇ ਇਤਿਹਾਸ ਵਿੱਚ ਪਹਿਲਾ ਮੌਕਾ ਹੈ ਕਿ ਇੱਕ ਡਿਪ੍ਰੈਸਡ ਕਲਾਸਿਜ਼ ਦੇ ਮੈਂਬਰ ਨੂੰ ਸਥਾਈ ਫਰੈਂਚਾਈਜ਼ ਕਮੇਟੀ ਵਿੱਚ ਨਿਯੁਕਤ ਕੀਤਾ ਗਿਆ ਹੈ ਅਸੀਂ ਖੁਸ਼ੀ-ਖੁਸ਼ੀ ਯਕੀਨ ਕਰਦੇ ਹਾਂ ਕਿ ਆਪ ਦੇ ਹੱਥਾਂ ਵਿੱਚ ਸਾਡੇ ਹੱਕ ਸੁਰੱਖਿਆਤ ਹਨ ਸਾਨੂੰ ਉਮੀਦ ਹੈ ਕਿ ਆਪ ਪੰਜਾਬ ਦੀਆਂ ਡਿਪ੍ਰੈਸਡ ਕਲਾਸਿਜ਼ ਨੂੰ ਬੜੇ ਧਿਆਨ ਨਾਲ ਗੌਰ ਕਰੋਗੇ ਕਿਉਂਕਿ ਸਾਡੀ ਹੋਂਦ ਨੂੰ ਹੀ ਨਕਾਰਿਆ ਜਾ ਰਿਹਾ ਹੈ ਆਉਣ ਵਾਲੀ ਪੀੜ੍ਹੀ ਆਪ ਦੇ ਨਾਮ ਨੂੰ ਡਿਪ੍ਰੈਸਡ ਕਲਾਸਿਜ਼ ਦੇ ਚੈਂਪਿਅਨ ਵਜੋਂ ਸੁਨਿਹਰੀ ਅੱਖਰਾਂ ਵਿੱਚ ਲਿਖੇਗੀ ਆਪ ਜੀ ਦੀ ਲੰਮੀ ਉਮਰ ਦੀ ਕਾਮਨਾ ਕਰਦੇ ਹਾਂ।

**ਸੱਤਵੀ ਸਲਾਨਾ ਕਾਨਫਰੰਸ 1932 ਈ:** - 18 ਅਤੇ 19 ਜੂਨ 1932 ਨੂੰ ਆਦਿ-ਧਰਮ ਮੰਡਲ ਦੀ 7ਵੀਂ ਸਲਾਨਾ ਕਾਨਫਰੰਸ ਜਲੰਧਰ ਸ਼ਹਿਰ ਵਿੱਚ ਕੀਤੀ ਗਈ ਜਿਸ ਵਿੱਚ ਰਿਪੋਰਟ ਅਨੁਸਾਰ 4000 ਆਦਿ-ਧਰਮੀ ਸ਼ਾਮਲ ਹੋਏ। ਪਹਿਲੇ ਦਿਨ ਸੰਤ ਮਹਾਤਮਾ ਰਾਮ ਅਜਾਦ ਮਿਸ਼ਨਰੀ ਜ਼ਿਲ੍ਹਾ

ਲਾਇਲਪੁਰ (ਪਿਛਲਾ ਪਿੰਡ ਨੰਗਲ ਸ਼ਹੀਦਾ ਤਹਿਸੀਲ ਹੁਸ਼ਿਆਰਪੁਰ) ਨੇ ਪ੍ਰਧਾਨਗੀ ਕੀਤੀ। ਕਾਨਫਰੰਸ ਦਾ ਉਦਘਾਟਨੀ ਭਾਸ਼ਨ ਸਵੇਰੇ ਬਾਬੂ ਮੁੱਗੋਵਾਲੀਆ ਨੇ ਕੀਤਾ ਅਤੇ ਸਵਾਗਤੀ ਕਮੇਟੀ ਵੱਲੋਂ ਡੇਲੀਗੇਟਾਂ ਨੂੰ ਜੀ ਆਇਆਂ ਕਿਹਾ "ਧਾਰਮਿਕ ਗੀਤਾ ਅਤੇ ਭਾਸ਼ਨਾਂ ਤੋਂ ਬਾਅਦ ਮੰਡਲ ਦੇ ਅਨੇਕ ਕਾਰਜਾਂ ਲਈ ਅਨੇਕਾਂ ਪ੍ਰੋਗਰਾਂਮਾ ਦਾ ਐਲਾਨ ਕੀਤਾ। ਕਾਨਫਰੰਸ ਦੇ ਪਹਿਲੇ ਦਿਨ ਦੀ ਸਮਾਪਤੀ ਮੌਕੇ ਡੈਲੀਗੇਟਾਂ ਨੇ ਵੱਖਰੇ ਚੋਣ ਖੇਤਰ ਪ੍ਰਣਾਲੀ ਦੇ ਵਿਚਾਰ ਪ੍ਰਗਟ ਕੀਤੇ।"

19 ਜੂਨ ਨੂੰ ਮਾਸਟਰ ਲਾਲ ਚੰਦ ਪ੍ਰਧਾਨ ਬਾਲਮੀਕ ਆਦਿ ਧਰਮ ਸਭਾ ਅਕਲੀਆਂਵਾਲਾ ਜ਼ਿਲ੍ਹਾ ਫਿਰੋਜ਼ਪੁਰ ਨੇ ਕਾਨਫਰੰਸ ਦੀ ਕੁਰਸੀ ਸੰਭਾਲੀ ਦੁਪਹਿਰ 12 ਵਜੇ ਤੱਕ ਡਿਪ੍ਰੈਸਡ ਕਲਾਸਿਜ਼ ਦੀ ਏਕਤਾ ਤੇ ਜ਼ੋਰ ਦੇਣ ਵਾਲੇ ਭਾਸ਼ਨ ਦਿੱਤੇ। ਦੁਪਹਿਰ ਇੱਕ ਵਜੇ ਤੱਕ ਮੈਨੇਜਿੰਗ ਕਮੇਟੀ ਦੇ ਮੈਂਬਰਾ ਅਤੇ ਅਹੁਦੇਦਾਰਾਂ ਦੀ ਚੋਣ ਹੋਈ।

ਮੰਡਲ ਦੇ ਪ੍ਰਧਾਨ ਬਾਬੂ ਮੁੱਗੋਵਾਲੀਆ, ਪੰਡਿਤ ਹਰੀ ਰਾਮ ਪੰਡੋਰੀ ਅਤੇ ਉੱਪ ਪ੍ਰਧਾਨ, ਬਾਬੂ ਹਜਾਰਾ ਰਾਮ ਪਿਪਲਾਵਾਲਾਂ ਜਨਰਲ ਸਕੱਤਰ, ਬਾਬੂ ਲਸ਼ਮਣ ਦਾਸ ਮੁਕੇਰੀਆਂ ਸਹਾਇਕ ਸਕੱਤਰ , ਮਹਾਤਮਾ ਸੰਤ ਰਾਮ ਆਜ਼ਾਦ ਚੱਕ ਨੰਬਰ 290, ਲਾਇਲਪੁਰ ਮਿਸ਼ਨਰੀ, ਬਾਬੂ ਰਾਮ ਚੰਦ ਖੇੜਾ ਸੰਪਾਦਕ ਆਦਿ-ਡੰਕਾ' ਸ. ਨਗੀਨਾ ਸਿੰਘ ਚੱਕ ਨੰਬਰ 276, ਲਾਇਲਪੁਰ, ਹੈੱਡ ਕਲਰਕ, ਮਹਾਤਮਾ ਗਣੇਸ਼ ਦਾਸ ਨੂੰ ਸਾਰੇ ਆਦਿ-ਧਰਮ ਦਲਾਂ ਦਾ ਜਨਰਲ ਨਿਯੁਕਤ ਕੀਤਾ।

ਪ੍ਰਬੰਧਕੀ ਕਮੇਟੀ ਦੇ ਪ੍ਰਧਾਨ : ਸੇਠ ਲੱਭੂ ਰਾਮ ਸੂਚੀ ਪਿੰਡ ਜਲੰਧਰ ਸ਼ਹਿਰ, ਭਗਤ ਗੁਲਾਬਾ ਮੱਲ, ਮੁਸਾਹਿਬਪੁਰ ਮੁਕੇਰੀਆਂ। ਉਪ ਪ੍ਰਧਾਨ: ਮਾਸਟਰ ਲਾਲ ਚੰਦ ਵਾਲਮੀਕੀ, ਵਾਲਮੀਕਿ ਆਦਿ ਧਰਮ ਮੰਡਲ, ਅਕਲੀਆਂਵਾਲਾ ਫਿਰੋਜ਼ਪੁਰ ਉਪ ਪ੍ਰਧਾਨ, ਮਾਸਟਰ ਗੁਰਬੰਤਾ ਸਿੰਘ ਜਨਰਲ ਸਕੱਤਰ, ਪੰਡਿਤ ਬਖਸ਼ੀ ਰਾਮ ਵਾਲਮੀਕਿ ਬੁੰਡਾਲਾ ਜਿਲ੍ਹਾ ਜਲੰਧਰ। ਸਹਾਇਕ ਸਕੱਤਰ, ਸ਼ਾਹੂਕਾਰ ਲੱਛੂ ਮੱਲ ਪਿੰਡ ਮੇਹਰ ਭਟੋਲ਼ੀ ਹੁਸ਼ਿਆਰਪੁਰ। ਸਹਾਇਕ ਸਕੱਤਰ, ਸੇਠ ਕਿਸ਼ਨ ਦਾਸ, ਲਾਲ ਬਾਜਾਰ ਜਲੰਧਰ ਸ਼ਹਿਰ ਖਜ਼ਾਨਚੀ, ਸ਼੍ਰੀਮਤੀ ਰਾਮਾ ਬਾਈ ਪਿੰਡ ਸਾਂਗਲਾ ਜ਼ਿਲ੍ਹਾ ਹੁਸ਼ਿਆਰਪੁਰ, ਸ਼੍ਰੀਮਤੀ ਠਾਕੁਰ ਰਾਣੀ ਬਾਈ ਪਤਨੀ ਸਰਦਾਰ ਰੱਲਾ ਸਿੰਘ ਚੱਕ ਨੰ: 86 ਜ਼ਿਲ੍ਹਾ ਮਿੰਟਗੁਮਰੀ ਅਤੇ 28 ਹੋਰ ਵਿਅਕਤੀ ਕਾਰਜਕਾਰਨੀ ਦੇ ਮੈਂਬਰ ਲਏ ਗਏ।

ਸੱਤਵੀਂ ਸਲਾਨਾ ਕਾਨਫਰੰਸ ਵਿਚ ਸਰਵ ਸੰਮਤੀ ਨਾਲ ਚੌਦਾਂ ਮਤੇ ਪਾਸ ਕੀਤੇ ਮੰਡਲ ਨੂੰ ਰਜਿਸਟਰ ਕੀਤਾ ਜਾਵੇ ਅਤੇ ਨਵੀਂ ਖਰੀਦੀ ਜ਼ਮੀਨ ਦੀ ਰਜ਼ਿਸਟਰੀ ਮੰਡਲ ਦੇ ਨਾਂ ਕਰਵਾਈ ਜਾਵੇ।

1. ਅੱਜ ਤੋਂ ਮੰਡਲ ਨੂੰ 'ਦੀ ਪੰਜਾਬ ਆਦਿ-ਧਰਮ' (ਡਿਪ੍ਰੈਸਡ ਕਲਾਸਿਜ਼ ਫੈਡਰੇਸ਼ਨ) ਦੇ ਨਾਂ ਨਾਲ ਬੁਲਾਇਆ ਜਾਵੇ।

2. ਹਰ ਜ਼ਿਲ੍ਹੇ ਵਿਚ ਮੰਡਲ ਦੇ ਦਫਤਰ ਖੋਲ੍ਹੇ ਜਾਣ।

3. ਜਨਰਲ ਸਕੱਤਰ ਹਰ ਮਹੀਨੇ ਹਿਸਾਬ ਕਿਤਾਬ ਦੇਖੇਗਾ।

4. ਰਾਜਾ ਮੁੰਜੇ ਪੈਕਟ ਦਾ ਵਿਰੋਧ ਕੀਤਾ ਗਿਆ।

5. ਵਿਧਾਨ ਪ੍ਰੀਸ਼ਦਾਂ, ਜ਼ਿਲ੍ਹਾ ਬੋਰਡਾਂ ਅਤੇ ਮਿਉਸਪਲ ਕਮੇਟੀਆਂ ਵਿਚ ਨਾਮਜ਼ਦਗੀ। ਸਿੱਖਿਆ ਵਿਚ ਵਿਸ਼ੇਸ ਰਿਆਇਤਾਂ ਦੇਣ ਅਤੇ ਜੇ.ਵੀ. ਟ੍ਰੇਂਡ ਅਧਿਆਪਕਾਂ ਨੂੰ ਨਿਯੁਕਤੀਆਂ ਦੇਣ, ਸਰਕਾਰ ਵਲੋਂ ਡਿਪ੍ਰੈਸਡ ਕਾਲਸਿਜ਼ ਦੀ ਫੌਜ ਅਤੇ ਪੁਲਿਸ ਵਿਚ ਭਰਤੀ ਸਮੇਂ ਕੇਸਾਂ ਤੇ ਇਤਰਾਜ਼ ਨੂੰ ਯੋਗ ਨਾ ਠਹਿਰਾਇਆ। ਆਦਿ ਧਰਮ ਮਹਾਂ ਸਭਾ ਅਕਲੀਆਂ ਨੂੰ ਅਤੇ ਇਸ ਵਲੋਂ ਖੋਲ੍ਹੇ ਅਦਾਰਿਆਂ ਨੂੰ ਆਦਿ ਧਰਮ ਮੰਡਲ ਵਜੋਂ ਮਾਨਤਾ ਦੇਣਾ ਆਦਿ ਮਤੇ ਪਾਸ ਕੀਤੇ।

**ਆਦਿ ਧਰਮ ਮੰਡਲ ਦਾ ਸ਼ਿਮਲੇ ਵਿਚ ਡੈਲੀਗੇਟ ਇਜਲਾਸ** - 27 ਅਤੇ 28 ਅਗਸਤ 1932 ਨੂੰ ਬਾਬੂ ਚੁੰਨੀ ਲਾਲ ਥਾਪਰ ਵਾਲਮੀਕਿ ਲੀਡਰ ਦੀ ਪ੍ਰਧਾਨਗੀ ਹੇਠ ਸ਼ਿਮਲੇ ਵਿਖੇ ਆਦਿ-ਧਰਮ ਮੰਡਲ ਦੀ ਡੈਲੀਗੇਟ ਕਾਨਫਰੰਸ ਹੋਈ। ਫਿਰਕੇਦਰਾਨਾ ਅਵਾਰਡ ਪੰਜਾਬ ਦੀਆਂ ਡਿਪ੍ਰੈਸਡ ਕਲਾਸਿਜ਼ ਨੂੰ ਅਣਗੌਲਣ ਦੀ ਸਖਤ ਸ਼ਬਦਾਂ ਵਿੱਚ ਨਿੰਦਿਆ ਕੀਤੀ ਗਈ ਅਤੇ ਸਾਰੀਆਂ ਜਾਂਤਾ ਨੂੰ ਆਪਣੇ ਵਿਤਕਰੇ ਭੁਲਾ ਕੇ ਅਵਾਰਡ ਦੀ ਵਿਰੋਧਤਾ ਕਰਨ ਦੀ ਅਪੀਲ ਕੀਤੀ ਗਈ। ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਅੱਗਵਾਈ ਹੇਠ ਵਿਸ਼ਾ ਕਮੇਟੀ ਨੇ ਕਾਨਫਰੰਸ ਦੇ ਖੁੱਲੇ ਸੈਸ਼ਨ ਵਿੱਚ ਸਰਬ ਸੰਮਤੀ ਨਾਲ ਪਾਸ ਕੀਤਾ ਤੇ ਇਹ ਕਾਨਫਰੰਸ ਫਿਰਕੇਦਾਰਾਨਾ ਅਵਾਰਡ ਵਿੱਚ ਪੰਜਾਬ ਦੇ ਅਛੂਤਾਂ ਨੂੰ ਛੱਡਣ ਤੇ ਡੂੰਘੀ ਨਰਾਜ਼ਗੀ ਅਤੇ ਨਿਰਾਸ਼ਾ ਦਾ ਪ੍ਰਗਟਾਅ ਕਰਦੀ ਹੈ। ਅਤੇ ਬਾਬੂ ਮੰਗੂ ਰਾਮ ਮੁੱਗੋਵਾਲੀਆ, ਪ੍ਰਧਾਨ ਆਦਿ ਧਰਮ ਮੰਡਲ, ਪੰਜਾਬ ਵਲੋਂ ਡਿਪ੍ਰੈਸਡ ਕਲਾਸਿਜ਼ ਨੂੰ ਬਣਦੀ ਨੁਮਾਇੰਦਗੀ ਦਾ ਯਾਦ ਪੱਤਰ ਭਾਰਤ ਸਰਕਾਰ ਨੂੰ ਦਿੱਤੇ ਦਾ

ਪੂਰਨ ਸਮਰਥਨ ਕਰਦੀ ਹੈ।

ਕਾਨਫਰੰਸ ਨੇ ਮਤਾ ਪਾਸ ਕੀਤਾ ਕਿ 2 ਹਫਤਿਆਂ ਵਿੱਚ ਤਸੱਲੀਬਖਸ਼ ਜੁਆਬ ਦੇਣ ਲਈ ਸਰਕਾਰ ਨੂੰ ਕਿਹਾ ਕਿ ਵਰਨਾ ਕਾਰਜਕਾਰਨੀ ਚੋਣਾਂ ਦੇ ਬਾਈਕਾਟ ਦਾ ਮਤਾ ਪਾਸ ਕਰਕੇ ਡਿਪ੍ਰੈਸਡ ਕਲਾਸਿਜ਼ ਨੂੰ ਆਪਣੇ ਹੱਕ ਪ੍ਰਾਪਤ ਕਰਨ ਲਈ ਬਣਦੇ ਤੌਰ ਤਰੀਕੇ ਅਪਣਾਉਣ ਲਈ ਕਹੇਗੀ।

ਕਾਨਫਰੰਸ ਵਿੱਚ ਮਤਾ ਪਾਸ ਕੀਤਾ ਕਿ ਪੰਜਾਬ ਦੀਆ ਡਿਪ੍ਰੈਸਡ ਕਲਾਸਜ਼ ਵਲੋ ਇੱਕ ਡੈਪੂਟੇਸ਼ਨ ਇੰਗਲੈਂਡ ਭੇਜਿਆ ਜਾਵੇ ਤਾਂ ਜੋ ਇਨਸਾਫ ਪ੍ਰਾਪਤ ਕੀਤਾ ਜਾ ਸਕੇ। ਕਾਨਫਰੰਸ ਨੇ ਸਰਕਾਰ ਨੂੰ ਇੱਕ ਕਮੇਟੀ ਬਣਾਉਣ ਲਈ ਅਪੀਲ ਕੀਤੀ ਤਾਂ ਜੋ ਸੰਭਾਵੀ ਸੰਵਿਧਾਨ ਵਿੱਚ ਡਿਪ੍ਰੈਸਡ ਕਲਾਸਿਜ਼ ਨੂੰ ਯੋਗ ਨੁਮਾਇੰਦਗੀ ਯਕੀਨੀ ਬਣਾਇਆ ਜਾ ਸਕੇ। ਇਸ ਕਮੇਟੀ ਦੇ ਅੱਧੇ ਮੈਂਬਰ ਇਨ੍ਹਾਂ ਵਰਗਾਂ ਵਿੱਚੋਂ ਲੈਣ ਲਈ ਕਿਹਾ, ਸਫਾਈ ਸੇਵਕਾਂ ਅਤੇ ਹੋਰ ਮੁਲਾਜ਼ਮਾਂ ਲਈ ਘੱਟ ਤੋਂ ਘੱਟ 30 ਰੁਪਏ ਮਹੀਨਾ ਤਨਖਾਹ ਲੈਣ ਦੀ ਮੰਗ ਕੀਤੀ।

ਇਸ ਕਾਨਫਰੰਸ ਵਿੱਚ ਸਰਕਾਰ ਨੂੰ ਡਿਪ੍ਰੈਸਡ ਕਲਾਸਿਜ਼ ਤੋਂ ਟੈਕਸ ਨਾ ਉਗਰਾਉਣ ਲਈ ਕਿਹਾ ਗਿਆ ਕਿਉਂਕਿ ਇਨ੍ਹਾਂ ਨੂੰ ਇਨਸਾਨ ਨਹੀਂ ਸਮਝਿਆ ਜਾਂਦਾ ਅਤੇ ਦੂਸਰਾ ਫਿਰਕੇਦਾਰਾਨ ਅਵਾਰਡ ਵਿੱਚ ਵੀ ਇਹੋ ਸਲੂਕ ਸਰਕਾਰ ਨੇ ਕੀਤਾ ਹੈ।

ਕਾਨਫਰੰਸ ਨੇ ਬਾਬੂ ਮੁੱਗੋਵਾਲੀਆ ਅਤੇ ਬਾਬੂ ਚੂਨੀ ਲਾਲ ਥਾਪਰ ਨੂੰ ਪੰਜਾਬ ਦੇ ਡਿਪ੍ਰੈਸਡ ਕਲਾਸਿਜ਼ ਵਲੋ ਕੇਂਦਰੀ ਸਰਕਾਰ ਅਤੇ ਅੰਗਰੇਜ਼ ਸਰਕਾਰ ਨਾਲ ਗੱਲਬਾਤ ਕਰਨ ਦਾ ਅਧਿਕਾਰ ਦਿੱਤਾ।

**ਰਿਫਾਰਮਜ਼ ਕਮਿਸ਼ਨਰ ਪੰਜਾਬ ਨੂੰ 1933 ’ਚ ਮੈਮੋਰੰਡਮ** : ਬਾਬੂ ਮੁੱਗੋਵਾਲੀਆ ਨੇ 24 ਮਈ 1933 ਨੂੰ ਖਾਨ ਬਹਾਦੁਰ ਨਵਾਬ ਮੁਜ਼ੱਫਰ ਖਾਨ ਸੀ.ਆਈ.ਡੀ., ਰਿਫਾਰਮਜ਼ ਕਮਿਸ਼ਨਰ ਪੰਜਾਬ ਅਤੇ ਜੁਆਇੰਟ ਸੈਕਰੇਟਰੀ, ਟ੍ਰਾਂਸਫਰਡ ਮਹਿਕਮਾ, ਪੰਜਾਬ ਸਰਕਾਰ ਨੂੰ ਆਪਣੀਆਂ ਮੰਗਾਂ ਪੇਸ਼ ਕੀਤੀਆਂ ।

1. **ਪਹਿਲੀ ਮੰਗ** - ਸਰਕਾਰ ਵਲੋਂ ਅਨੂਸੂਚਿਤ ਜਾਤੀਆਂ ਦੀ ਲਿਸਟ ਛੇ ਨੂੰ ਪੂਰਨ ਦੱਸਦਿਆਂ ਕਿਹਾ ਕਿ ਸ਼ੁੱਧੀਕਰਨ ਹਿੰਦੂਆਂ ਨੂੰ ਇਸ ਵਿਚ ਸ਼ਾਮਿਲ ਨਾ ਕੀਤਾ ਜਾਏ। ਕਿਉਂਕਿ ਜਦੋਂ ਹਿੰਦੂ ਧਰਮ ਅਪਣਾ ਲੈਂਦੇ ਹਨ ਤਾਂ ਉਨ੍ਹਾਂ ਨੂੰ ਹਿੰਦੂਆਂ ਵਲੋਂ ਸਿਖਾਇਆ ਜਾਂਦਾ ਹੈ, ਉਹ ਅਛੂਤਾਂ ਨਾਲ ਕੋਈ ਸਬੰਧ ਨਾ ਰੱਖੇ।

2. **ਦੂਜੀ ਮੰਗ** - ਹੈਰਾਨੀ ਦੀ ਗੱਲ ਹੈ ਕਿ ਜਦੋਂ ਅਸੀਂ ਆਦਿ ਕਹਿੰਦੇ ਹਾਂ ਕਿ ਸਾਨੂੰ ‘ਵੱਖਰੇ ਚੋਣ ਖੇਤਰ ਪ੍ਰਬੰਧ’ ਚਾਹੀਦਾ ਹੈ ਕਿਉਂਕਿ ਅਸੀਂ ਹਿੰਦੂ ਨਹੀਂ ਅਛੂਤ ਹਾਂ। ਤਾਂ ਹੰਕਾਰੀ ਹਿੰਦੂ ਕਹਿੰਦੇ ਹਨ: ਪੰਜਾਬ ਵਿੱਚ ਕੋਈ ਵੀ ਅਛੂਤ ਨਹੀਂ ਹੈ।ਹੁਣ ਜਦੋਂ ਅਛੂਤਾਂ ਨੂੰ ਹੱਕ ਮਿਲੇ ਹਨ ਤਾਂ ਹਿੰਦੂ ਇਤਰਾਜ਼ ਕਰਦੇ ਹਨ ਅਤੇ ਸ਼ੁਧੀਕਰਣ ਹੋਏ ਹਿੰਦੂਆਂ ਨੂੰ ਅਨੂਸੂਚਿਤ ਜਾਤੀਆਂ ਦੀ ਲਿਸਟ ਵਿਚ ਸ਼ਾਮਿਲ ਕਰਨਾ ਚਾਹੁੰਦੇ ਹਨ। ਇਸ ਤੋਂ ਸਾਫ ਦਿਖਾਈ ਦਿੰਦਾ ਹੈ ਕਿ ਹਿੰਦੂ ਆਦਿ ਧਰਮੀਆਂ ਨੂੰ ਮਿਲੇ ਹੱਕ ਖੋਹਣੇ ਚਾਹੁੰਦੇ ਹਨ ਪਰ ਅਸੀਂ ਸਰਕਾਰ ਵਲੋਂ ਐਲਾਨੀ ਅਨੁਸੂਚਿਤ ਜਾਤੀਆਂ ਦੀ ਲਿਸਟ ਤੋਂ ਸੰਤੁਸ਼ਟ ਹਾਂ।

3. **ਤੀਜੀ ਮੰਗ** - ਰਿਜ਼ਰਵੇਸ਼ਨ ਦਾ ਹੱਕ ਸਿਰਫ ਆਦਿ ਧਰਮੀਆਂ ਨੂੰ ਹੋਣਾ ਚਾਹੀਦਾ ਹੈ। ਕਿਉਂਕਿ ਉਹ ਹੀ ਅਛੂਤ ਹਨ। ਇੱਥੋਂ ਤੱਕ ਕਿ ਹਿੰਦੂ ਲੀਡਰ ਰਾਜਾ ਨਰਿੰਦਰ ਨਾਥ, ਮੈਂਬਰ ਗੋਲਮੇਜ਼ ਕਾਰਨਫਰੰਸ ਨੇ ਵੀ ਦੂਜੀ ਗੋਲਮੇਜ਼ ਕਾਨਫਰੰਸ ਲੰਡਨ ਵਿਚ ਜ਼ੋਰ ਦੇ ਕੇ ਕਿਹਾ, “ਪੰਜਾਬ ਵਿਚ ਆਦਿਧਰਮੀਆਂ ਤੋਂ ਬਿਨਾਂ ਕੋਈ ਅਛੂਤ ਨਹੀਂ ਹੈ”। ਇਸੇ ਤਰ੍ਹਾਂ ਦਯਾਨੰਦ ਦਲਿਤ ਉਦਾਰ ਮੰਡਲ, ਹੁਸ਼ਿਆਰਪੁਰ ਨੇ ਕਿਹਾ ਹੈ ਅਤੇ ਇਡੀਅਨ ਫਰੈਂਚਾਈਜ਼ ਕਮੇਟੀ (ਲਾਰਡ ਲੋਥੀਅਨ ਕਮੇਟੀ) ਦੀਆਂ ਸਿਫਾਰਿਸ਼ਾਂ ਵਿਚ ਵੀ ਇਸੇ ਤਰ੍ਹਾਂ ਕਿਹਾ ਹੈ। ਇਸ ਲਈ ਆਦਿ ਧਰਮੀ ਹੀ ਇਸ ਹੱਕ ਦੇ ਯੋਗ ਹਨ ਅਤੇ ਜਿਨ੍ਹਾਂ ਨੇ ਇਹ ਹੱਕ ਪ੍ਰਾਪਤ ਕਰਨ ਲਈ ਕੁਰਬਾਨੀਆਂ ਦਿੱਤੀਆਂ ਹਨ ਜਦੋਂ ਕਿ ਸ਼ੁੱਧੀਕਰਣ ਹਿੰਦੂਆਂ ਨੇ ਨਾ ਤਾਂ ਕੁਰਬਾਨੀਆਂ ਦਿੱਤੀਆਂ ਹਨ ਨਾ ਹੀ ਉਹ ਇਹ ਹੱਕ ਪ੍ਰਾਪਤ ਕਰਨ ਲਈ ਖਾਹਿਸ਼ਮੰਦ ਹਨ। ਇਸ ਲਈ ਸ਼ੁੱਧੀਕਰਨ ਹੋਏ ਹਿੰਦੂਆਂ ਨੂੰ ਅਨੁਸੂਚਿਤ ਜਾਤੀਆਂ ਵਿੱਚ ਸ਼ਾਮਿਲ ਨਾ ਕੀਤਾ ਜਾਵੇ।

4. **ਚੌਥੀ ਮੰਗ** - ਸ਼ੁੱਧੀਕਰਣ ਹਿੰਦੂਆਂ ਨੂੰ ਕਦੇ ਵੀ ਅਨੁਸੂਚਿਤ ਜਾਤੀਆਂ ਵਿਚ ਸ਼ਾਮਿਲ ਨਾ ਕੀਤਾ ਜਾਵੇ ਕਿਉਂਕਿ ਜੇ ਉਨ੍ਹਾਂ ਨੂੰ ਸ਼ਾਮਿਲ ਕੀਤਾ ਤਾਂ ਗਰੀਬ ਆਦਿ-ਧਰਮੀ ਸਰਕਾਰ ਵਲੋਂ ਮਿਲੇ ਹੱਕਾਂ ਨੂੰ ਪ੍ਰਾਪਤ ਨਹੀਂ ਕਰ ਸਕਣਗੇ ਕਿਉਂ ਹਿੰਦੂ ਸਾਡੀਆਂ ਰਿਜ਼ਰਵ ਸੀਟਾਂ ’ਤੇ ਸਰਮਾਏਦਾਰ ਹੋਣ ਕਰਕੇ ਕਬਜ਼ਾ ਕਰ ਲੈਣਗੇ ਅਤੇ ਸ਼ੁੱਧੀਕਰਣ ਹਿੰਦੂ ਉਹਨਾਂ ਦੇ ਦਬਾਅ ਥੱਲੇ ਹਨ। ਇਸ ਤਰ੍ਹਾਂ ਗਰੀਬ ਆਦਿ-ਧਰਮੀ ਆਪਣੇ ਨੁਮਾਇਦਗੇ ਭੇਜਣ ਵਿੱਚ ਸਫਲ ਨਹੀਂ ਹੋਣਗੇ ਅਤੇ ਆਦਿ-ਧਰਮੀ ਤਬਾਹ ਹੋ ਜਾਣਗੇ। ਇਸ ਨਾਲ ਇਸਾਈਆਂ ਅਤੇ

ਮੁਸਲਮਾਨਾਂ ਵਿਚਲੇ ਅਛੂਤ ਵੀ ਸਾਡੇ ਹੱਕ ਮੰਗਣਗੇ। ਇਸ ਲਈ ਸ਼ੁੱਧੀਕਰਣ ਹੋਏ ਹਿੰਦੂਆਂ ਨੂੰ ਅਨੁਸੂਚਿਤ ਜਾਤੀਆਂ ਦੀ ਲਿਸਟ ਵਿੱਚ ਸ਼ਾਮਿਲ ਨਾ ਕੀਤਾ ਜਾਵੇ।

5. **ਪੰਜਵੀਂ ਮੰਗ** :- ਸਾਡੇ ਲੋਕ ਗਰੀਬ ਹਨ ਇਸ ਲਈ ਪੜ੍ਹੇ ਲਿਖਿਆ ਨੂੰ ਚੋਣ ਮਹਿਕਮੇ ਵਿੱਚ ਭਰਤੀ ਕੀਤਾ ਜਾਵੇ ਅਤੇ ਡਿਪ੍ਰੈਸਡ ਕਲਾਸਿਜ ਦੀਆਂ ਵੋਟਾਂ ਬਣਾਉਣ ਵੇਲੇ ਖਾਸ ਧਿਆਨ ਦਿੱਤਾ ਜਾਵੇ। ਪੱਤਰ ਤੇ ਬਾਬੂ ਮੰਗੂ ਰਾਮ ਪ੍ਰਧਾਨ, ਹਜਾਰਾ ਰਾਮ ਪਿੱਪਲਾਂਵਾਲਾ ਜਨਰਲ ਸਕੱਤਰ, ਪੰਡਤ ਬਖਸ਼ੀ ਰਾਮ ਜਨਰਲ ਸਕੱਤਰ, ਅਤੇ ਬਾਬੂ ਡੋਗਰ ਮੱਲ ਉੱਪ ਪ੍ਰਧਾਨ ਪੰਜਾਬ ਬਾਲਮੀਕ ਅਛੂਤ ਐਸੋਸੀਏਸ਼ਨ ਜਲੰਧਰ ਸ਼ਹਿਰ ਦੇ ਨਾਂ ਹਨ।

ਇਸ ਪੱਤਰ ਤੇ The Punjab Ad-Dharmi (Depressed Classes) Federation Jalandhar City ਅੰਗਰੇਜ਼ੀ ਅਤੇ ਉਰਦੂ ਵਿੱਚ ਛਪਿਆ ਹੈ ਖੱਬੇ ਹੱਥ ਡੱਬੀ ਵਿੱਚ ਅੰਗਰੇਜ਼ੀ ਵਿੱਚ ਛਪਿਆ ਹੈ (Principles)

1. To work in every way for the uplift for all Ad-Dharmi (Aborging depressed classes) of Punjab generally Calles Achhuts and Shudras especially.

2. To work without religious prejudge for the unity of all.

3. To obtain all political rights in co-operation with the government.

4. To keep government intouch with the true state of Ad-Dharmi's.

5. To organizes and execute by mean of publication of History Literature etc and to popularize arts and science by means of school, press and libraries.

**ਗਵਰਨ ਪੰਜਾਬ ਨੂੰ 1935 ਵਿੱਚ ਯਾਦ ਪੱਤਰ** - ਬਾਬੂ ਮੰਗੂ ਰਾਮ ਮੁਗੋਵਾਲੀਆ ਨੇ 3 ਜਨਵਰੀ 1935 ਨੂੰ ਹੈਰਬਰਟ ਵਿਲੀਅਮ ਸੀ.ਐਸ.ਆਈ., ਸੀ. ਆਈ.ਈ., ਓ.ਬੀ. ਈ. ਗਵਰਨਰ, ਪੰਜਾਬ, ਲਾਹੌਰ ਨੂੰ ਹਜ਼ਾਰਾਂ ਆਦਿ ਧਰਮੀਆਂ ਸਣੇ ਇਕ ਮੈਮੋਰੰਡਮ ਦਿੱਤਾ। ਇਸ ਮੈਮੋਰੰਡਮ ਤੋਂ ਪਤਾ ਲੱਗਦਾ ਹੈ ਕਿ ਪਹਿਲੀ ਜੂਨ 1933 ਨੂੰ ਵੀ ਬਾਬੂ ਮੁੱਗੋਵਾਲੀਆ ਨੇ ਗਵਰਨਰ ਨੂੰ ਇਕ ਮੈਮੋਰੰਡਮ ਦਿੱਤਾ ਸੀ। 1933 ਦੇ ਮੈਮੋਰੰਡਮ ਸਬੰਧੀ ਪੰਜਾਬ ਸਰਕਾਰ ਲਾਹੌਰ ਦੇ ਮੁੱਖ ਸੱਕਤਰ ਨੇ ਪੱਤਰ ਨੰ. 33246 ਜਨਰਲ ਮਿਤੀ 18 ਦਿਸੰਬਰ 1933 ਰਾਹੀਂ ਦੱਸਿਆ ਕਿ ਪੰਜਾਬ ਮੰਤਰੀ ਮੰਡਲ ਨੇ ਆਦਿ ਧਰਮੀਆਂ ਦੀਆਂ ਮੰਗਾਂ ਬਾਰੇ ਵਿਚਾਰ ਕਰਕੇ ਉਨ੍ਹਾਂ ਨੂੰ ਪੂਰਾ ਕਰਨ ਲਈ ਉਦਮ ਸ਼ੁਰੂ ਕਰ ਦਿੱਤੇ ਹਨ।

ਬਾਬੂ ਮੁੱਗੋਵਾਲੀਆ ਨੇ 1935 ਦੇ ਮੈਮੋਰੰਡਮ ਵਿਚ ਗਵਰਨਰ ਨੂੰ ਲਿਖਿਆ ਕਿ ਪੰਜਾਬ ਸਰਕਾਰ ਵਲੋਂ ਬਗਾਰ ਪ੍ਰਥਾ ਜਾਰੀ ਹੈ ਖਾਸ ਕਰ ਜ਼ਿਲ੍ਹਾ ਕਾਂਗੜਾ ਵਿੱਚ ਮੁਰਦਿਆਂ ਨੂੰ ਚੁੱਕਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਇਸ ਵਾਰੇ ਜ਼ਿਲ੍ਹਾ ਅਧਿਕਾਰੀਆਂ ਨੂੰ ਲਿਖਿਆ, ਪਰ ਵਿਅਰਥ ਗਿਆ ਹੈ। ਪਰ ਬਾਬੂ ਜੀ ਨੇ ਗਵਰਨਰ ਨੂੰ ਲਿਖਿਆ ਕਿ ਉਹ ਅਧਿਕਾਰੀਆਂ ਨੂੰ ਸਖਤ ਹਦਾਇਤਾਂ ਕਰਨ। ਦਰਿਆ ਬਿਆਸ ਪਾਰ ਕਰਨ ਵੇਲੇ ਬੇੜੀ ਵਾਲੇ ਆਦਿ-ਧਰਮੀਆਂ ਨੂੰ ਬਿਠਾਉਂਦੇ ਨਹੀਂ ਜਦੋਂ ਕਿ ਦਰਿਆ ਸਰਕਾਰੀ ਜਾਇਦਾਦ ਹਨ।

ਬਾਬੂ ਜੀ ਨੇ ਅੱਗੇ ਲਿਖਿਆ ਕਿ ਮਿਉਂਸਪਲ ਕਮੇਟੀਆਂ ਅਤੇ ਜ਼ਿਲ੍ਹਾ ਬੋਰਡਾਂ ਵਿਚਲੇ ਗੈਰ-ਆਦਿਧਰਮੀ, ਆਦਿ ਧਰਮੀਆਂ ਤੇ ਪ੍ਰੋਫੈਸ਼ਨਲ ਟੈਕਸ ਮਨਮਰਜ਼ੀ ਨਾਲ ਲਾਉਂਦੇ ਹਨ ਜੋ ਕਿ ਬੇਇਨਸਾਫੀ ਹੈ। ਨੰਬਰਦਾਰ, ਸਫੈਦ ਪੋਸ਼, ਪਟਵਾਰੀ ਅਤੇ ਜ਼ੈਲਦਾਰ ਬਗਾਰ ਨਾ ਕਰਨ ਵਾਲੇ ਆਦਿ-ਧਰਮੀਆਂ ਉੱਤੇ ਮਨਮਰਜ਼ੀ ਦਾ ਟੈਕਸ ਲਾ ਕੇ ਪੁਲਿਸ ਰਾਹੀਂ ਪ੍ਰੇਸ਼ਾਨ ਕਰਦੇ ਹਨ। ਬਾਬੂ ਜੀ ਨੇ ਸਖਤ ਸ਼ਬਦਾਂ ਵਿਚ ਲਿਖਿਆ ਕਿ ਜੇ ਅਛੂਤ ਆਪਣਾ ਧਰਮ ਆਦਿ-ਧਰਮ ਦੱਸਦੇ ਹਨ ਤਾਂ ਉਨ੍ਹਾਂ ਤੇ ਪ੍ਰੋਫੈਸ਼ਨਲ ਟੈਕਸ ਠੋਕ ਕੇ ਲਾਇਆ ਜਾਂਦਾ ਹੈ। ਜੇ ਉਹ ਆਪਣਾ ਧਰਮ ਸਿੱਖ , ਹਿੰਦੂ, ਮੁਸਲਿਮ ਦੱਸਦੇ ਹਨ ਤਾਂ ਕੋਈ ਟੈਕਸ ਨਹੀਂ ਲਾਉਂਦੇ। ਬਾਬੂ ਜੀ ਨੇ ਆਦਿ ਧਰਮੀਆਂ ਤੋਂ ਇਸ ਟੈਕਸ ਨੂੰ ਹਟਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਲੋਕਲ ਬਾਡੀਜ਼ ਵਿਚ ਆਦਿ ਧਰਮੀਆਂ ਦੀ ਨੁਮਾਇੰਦਗੀ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਦਸੂਹਾ ਦੇ ਪਿੰਡ ਰਲਹਣ ਵਿਚ ਅਫਸਰਾਂ ਵਲੋਂ ਆਦਿਧਰਮੀਆਂ 'ਤੇ ਕੀਤੇ ਜੁਲਮਾਂ ਲਈ ਇੰਨਕੁਆਰੀਆਂ ਕਰਵਾਉਣ ਤੇ ਵੀ ਜ਼ੋਰ ਦਿੱਤਾ।

ਬਾਬੂ ਜੀ ਨੇ ਆਦਿ ਧਰਮੀਆਂ ਨੂੰ ਉਨ੍ਹਾਂ ਦੀ ਆਬਾਦੀ ਅਨੁਸਾਰ ਸਰਕਾਰੀ ਨੋਕਰੀਆਂ ਵਿੱਚ ਰਿਜ਼ਰਵਰੇਸ਼ਨ 'ਤੇ ਜ਼ੋਰ

ਦਿੱਤਾ। 1901 ਈ. ਵਿੱਚ ਆਦਿ-ਧਰਮੀਆਂ ਨੂੰ ਦਬਾਉਣ ਲਈ ਪੰਜਾਬ ਭੂਮੀ ਇੰਤਕਾਲ ਆਰਜੀ ਐਕਟ ਬਣਿਆ ਜਿਸ ਨੂੰ ਬਾਬੂ ਜੀ ਨੇ ਆਦਿ-ਧਰਮੀਆਂ ਨੂੰ ਦਬਾਉਣ ਵਾਲਾ ਐਲਾਨਦਿਆਂ ਰੱਦ ਕਰਨ ਲਈ ਕਿਹਾ ਤਾਂ ਜੋ ਆਦਿ-ਧਰਮੀ ਆਪਣੀ ਰਿਹਾਇਸ਼ ਲਈ ਥਾਂ ਖਰੀਦ ਸਕਣ। ਸਰਕਾਰ ਵਲੋਂ ਨਵੇਂ ਸੰਵਿਧਾਨ ਵਿੱਚ ਐਲਾਨੀਆਂ ਅਨੁਸੂਚਿਤ ਜਾਤੀਆਂ ਦੀ ਲਿਸਟ ਵੇਖ ਕੇ ਵੱਖ-ਵੱਖ ਮਹਿਕਮਿਆਂ ਵਿੱਚ ਭੇਜਣ ਬਾਰੇ ਅਤੇ ਇਹਨਾਂ ਜਾਂਤਾ ਦਾ ਧਰਮ ਅਦਿ-ਧਰਮ ਮੰਨਣ ਬਾਰੇ ਵੀ ਗਵਰਨਰ ਨੂੰ ਲਿਖਿਆ। ਇਹ ਮੈਮੋਰੰਡਮ ਅੰਗਰੇਜ਼ੀ ਵਿੱਚ ਪਾਪੂਲਰ ਪ੍ਰੈਸ ਜਲੰਧਰ ਸ਼ਹਿਰ ਤੋਂ ਛਪਵਾ ਕੇ ਵੰਡਿਆ ਗਿਆ। ਸਾਡੇ ਕੋਲ ਮੈਨੋਰੰਡਮ ਦੀ ਕਾਪੀ ਉੱਪਰ ਬਾਬੂ ਹਜ਼ਾਰਾ ਰਾਮ ਪਿੱਪਲਾਂਵਾਲਾ ਦੇ ਹਸਤਾਖਰ ਅਤੇ ਆਦਿ-ਧਰਮ ਮੰਡਲ ਆਫ ਪੰਜਾਬ ਦੀ ਪੰਜਾਬੀ/ਅੰਗਰੇਜ਼ੀ ਵਿੱਚ ਮੋਹਰ ਲੱਗੀ ਹੋਈ ਹੈ ਜਿਸ ਦੇ ਵਿਚਕਾਰ ਸੋਹੰ ਲਿਖਿਆ ਹੋਇਆ ਹੈ।

**ਰਿਫਾਰਮਜ ਕਮਿਸ਼ਨਰ ਸ਼ਿਮਲਾ ਨੂੰ 1935 ਵਿੱਚ ਯਾਦ ਪੱਤਰ** - ਬਾਬੂ ਮੰਗੂ ਰਾਮ ਮੁਗੋਵਾਲੀਆ ਨੇ 18 ਸਤੰਬਰ 1935 ਨੂੰ ਰਿਫਾਰਮਜ਼ ਕਮਿਸ਼ਨਰ ਅਤੇ ਜਾਇੰਟ ਸੈਕਟਰੀ, ਟ੍ਰਾਂਸਫਰਡ ਡਿਪਾਰਟਮੈਂਟ, ਪੰਜਾਬ ਸਰਕਾਰ, ਸ਼ਿਮਲਾ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਮਿਲ ਕੇ ਇੱਕ ਮੈਮੋਰੈਡਮ ਦਿੱਤਾ। ਪੰਜਾਬ ਸਰਕਾਰ ਨੇ ਇਸ ਤੋਂ ਪਹਿਲਾਂ 13 ਅਗਸਤ ਅਤੇ ਸਤੰਬਰ 1935 ਨੂੰ ਕ੍ਰਮਵਾਰ ਅਸਥਾਈ ਪੰਜਾਬ ਅਸੰਬਲੀ ਹਲਕਿਆਂ ਦਾ ਐਲਾਨ ਕਰ ਦਿੱਤਾ ਗਿਆ।

ਬਾਬੂ ਜੀ ਨੇ ਅੰਮ੍ਰਿਤਸਰ ਅਤੇ ਜਲੰਧਰ ਜ਼ਿਲ੍ਹਿਆਂ ਦੀ ਇੱਕ ਸੀਟ ਐਲਾਨਣ ਦਾ ਵਿਰੋਧ ਕਰਦਿਆਂ ਕਿਹਾ ਕਿ ਜਲੰਧਰ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਨੂੰ ਦੋ ਸੀਟਾਂ ਚਾਹੀਦੀਆਂ ਹਨ। ਇੱਕ ਸੀਟ ਜਲੰਧਰ ਅਤੇ ਦੂਜੀ ਅਮ੍ਰਿਤਸਰ ਜ਼ਿਲ੍ਹੇ ਦੀ। ਬਾਬੂ ਜੀ ਨੇ ਦਲੀਲ ਦਿੱਤੀ ਕਿ ਕਿਉਂਕਿ ਬਹੁਗਿਣਤੀ ਆਦਿ-ਧਰਮੀ ਪਿੰਡਾਂ ਵਿੱਚ ਰਹਿੰਦੇ ਹਨ ਇਸ ਲਈ ਇਨ੍ਹਾਂ ਸੀਟਾਂ 'ਤੇ ਪੇਂਡੂ ਉਮੀਦਵਾਰਾਂ ਨੂੰ ਹੀ ਖੜ੍ਹੇ ਕਰਨ ਦਾ ਨਿਯਮ ਹੋਣਾ ਚਾਹੀਦਾ ਹੈ। ਉਸ ਸਮੇਂ ਪੇਂਡੂ ਅਤੇ ਸ਼ਹਿਰੀ ਸੀਟਾਂ ਦੀ ਰਿਜ਼ਰਵ ਸੀਟਾਂ ਵਿੱਚ ਸਿਰਫ ਪੇਂਡੂ ਖੇਤਰ ਵਿੱਚੋਂ ਹੀ ਬਣਨ। 5 ਸਤੰਬਰ 1935 ਵਿੱਚ ਅਸੰਬਲੀ ਹਲਕਿਆਂ ਵਿੱਚ ਤਬਦੀਲੀ ਕਰਨ ਤੇ ਜ਼ੋਰ ਦਿੰਦਿਆਂ ਉਨ੍ਹਾਂ ਨੇ ਕਿਹਾ ਜੇ ਹੱਦਬੰਦੀ ਕਮੇਟੀ ਸਾਹਮਣੇ ਜ਼ੁਬਾਨੀ ਗਵਾਹੀ ਦੇਣਾ ਵੀ ਸਮਝਿਆ ਤਾਂ ਉਹ ਆਪਣਾ ਪੱਖ ਪੇਸ਼ ਕਰਨ ਲਈ ਤਿਆਰ ਹਨ। ਇਸ ਯਾਦ ਪੱਤਰ ਵਿੱਚ ਬਾਬੂ ਮੰਗੂ ਰਾਮ ਮੁਗੋਵਾਲੀਆ, ਬਾਬੂ ਹਜ਼ਾਰਾ ਰਾਮ ਪਿੱਪਲਾਂਵਾਲਾ ਜਨਰਲ ਸਕੱਤਰ, ਸੰਤ ਰਾਮ ਅਜ਼ਾਦ ਮਿਸ਼ਨਰੀ, ਸੇਠ ਕਿਸ਼ਨ ਦਾਸ ਵਿੱਤ ਸਕੱਤਰ ਅਤੇ ਮਾਸਟਰ ਗੁਰਬੰਤਾ ਸਿੰਘ ਜਨਰਲ ਸਕੱਤਰ ਦੇ ਨਾਂ ਛਪੇ ਹਨ। ਪਾਪੂਲਰ ਪ੍ਰੈਸ, ਜਲੰਧਰ ਸ਼ਹਿਰ ਵਿੱਚ ਇਹ ਪੱਤਰ ਛਪਿਆ।

**ਮੁੱਖ ਮੰਤਰੀ ਨੂੰ ਰੋਸ ਪੱਤਰ** - ਬਾਬੂ ਮੁਗੋਵਾਲੀਏ ਨੇ 11-04-1942 ਨੂੰ ਮੁੱਖ ਮੰਤਰੀ ਪੰਜਾਬ ਨੂੰ ਇੱਕ ਰੋਸ ਪੱਤਰ ਲਿਖਿਆ ਕਿ ਜਿਸ ਤਰ੍ਹਾਂ ਦੂਜੀਆਂ ਕੌਮਾਂ ਨੂੰ ਦੂਜੀ ਸੰਸਾਰ ਜੰਗ ਵਿੱਚ ਫੌਜ ਵਿੱਚ ਭਰਤੀ ਕਰਨ ਤੇ ਜ਼ਮੀਨਾਂ ਅਲਾਟ ਕੀਤੀਆ ਹਨ ਉਸੇ ਤਰ੍ਹਾਂ ਆਦਿ-ਧਰਮੀਆਂ ਨੂੰ ਵੀ ਜ਼ਮੀਨਾਂ ਅਲਾਟ ਕੀਤੀਆ ਜਾਣ। ਇਸ ਪੱਤਰ ਵਿੱਚ ਪਤਾ ਲੱਗਦਾ ਹੈ ਕਿ ਸਰਕਾਰ ਵਲੋਂ ਆਦਿ-ਧਰਮੀਆਂ ਨੂੰ ਵੀ ਜ਼ਮੀਨਾਂ ਅਲਾਟ ਕਰਨ ਦੀ ਸਕੀਮ ਬਣਾਈ ਹੋਈ ਹੈ। ਇਸ ਪੱਤਰ ਵਿੱਚ ਸੂਚੀ ਹੈ ਕਿ ਕਿਹੜੇ-ਕਿਹੜੇ ਸਥਾਨਾਂ ਤੇ ਆਦਿ-ਧਰਮੀਆਂ ਨੂੰ ਫੌਜ ਵਿੱਚ ਭਰਤੀ ਹੋਣ ਲਈ ਆਦਿ-ਧਰਮੰਡਲ ਨੇ ਕਾਨਫਰੰਸਾਂ ਕੀਤੀਆਂ ਜਿਵੇਂ ਕਿ ਕਾਲਾ ਬੱਕਰਾ ਜਲੰਧਰ, ਪਿੱਪਲਾਂਵਾਲਾ, ਮਾਹਿਲਪੁਰ, ਹਰਿਆਣਾ ਹਾਜੀਪੁਰ, ਜ਼ਿਲ੍ਹਾ ਹੁਸ਼ਿਆਰਪੁਰ, ਜਗਰਾਂਓ, ਪੀਰੋਂ ਦਾਖਾ, ਡੇਹਲੋਂ, ਜ਼ਿਲ੍ਹਾ ਲੁਧਿਆਣਾ, ਜ਼ਿਲ੍ਹਾ ਲਾਇਲਪੁਰ ਜੋ ਕਿ ਅੱਜਕੱਲ ਪਾਕਿਸਤਾਨ ਵਿੱਚ ਹੈ, ਦਰੋਕਾ ਜ਼ਿਲ੍ਹਾ ਕਾਂਗੜਾਂ, ਮਿੰਟ-ਗੁਮਟੀ, ਮੁਲਤਾਨ, ਸਰਗੋਧਾ, ਸ਼ੈਖੂਪੁਰਾ, ਲਾਹੌਰ (ਹੁਣ ਪਾਕਿਸਤਾਨ 'ਚ), ਅੰਮ੍ਰਿਤਸਰ, ਗੁਰਦਾਸਪੁਰ ਅੰਬਾਲਾ (ਹੁਣ ਹਰਿਆਣਾ ਵਿੱਚ) ਅਤੇ ਸ਼ਿਮਲਾ ਜੋ ਕਿ ਅੱਜਕੱਲ ਹਿਮਾਚਲ ਪ੍ਰਦੇਸ਼ ਵਿੱਚ ਆਦਿ। ਇਸ ਪੱਤਰ ਉੱਪਰ ਬਾਬੂ ਮੰਗੂਰਾਮ ਮੁਗੋਵਾਲੀਆ ਪ੍ਰਧਾਨ, ਬਾਬੂ ਸ਼ਾਮ ਲਾਲ ਸਕੱਤਰ (ਬਾਬੂ ਲੱਭੂ ਰਾਮ ਸੂਚੀ ਪਿੰਡ ਪ੍ਰਧਾਨ ਪ੍ਰਬੰਧਕੀ ਕਮੇਟੀ) ਬਾਬੂ ਰਾਮ ਚੰਦ ਸਹਾਇਕ ਸਕੱਤਰ ਅਤੇ ਸੰਪਾਦਕ "ਆਦਿ ਡੰਕਾਂ" ਬਾਬੂ ਸੰਤ ਰਾਮ ਅਜ਼ਾਦ ਮਿਸ਼ਨਰੀ ਸੇਠ ਕਿਸ਼ਨ ਦਾਸ ਐਮ.ਐਲ.ਏ. ਖਜ਼ਾਨਚੀ, ਬਾਬੂ ਸੰਸਾਰ ਚੰਦ ਮਹਾਂ ਉਪਦੇਸ਼ਕ, ਪੂਰਨ ਚੰਦ ਰਮਤਾ ਪ੍ਰਚਾਰਕ, ਖੇਮ ਚੰਦ ਪ੍ਰਚਾਰਕ (ਇਹਨਾਂ ਦੇ ਨਾਮ ਤੇ ਲੀਕ ਵੱਜੀ ਹੈ) ਦੋ ਨਾਮ ਟਾਈਪ ਹਨ।

ਗਵਰਨਰ ਪੰਜਾਬ ਨੂੰ ਯਾਦ ਪੱਤਰ - 18-05-1934 ਨੂੰ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਨੇ ਪੰਜਾਬ ਦੇ ਗਵਰਨਰ ਨੂੰ ਇੱਕ ਮੈਮੋਰੰਡਮ ਦਿੱਤਾ ਕਿ ਆਦਿ-ਧਰਮੀ ਲੜਕੀਆਂ ਨਾਲ

ਹਿੰਦੂ ਸਿੱਖ ਸਰਮਾਏਦਾਰ ਜਗੀਰਦਾਰਾਂ ਨੇ ਬਲਾਤਕਾਰ ਕੀਤੇ ਜਿਹਨਾਂ ਦੇ ਨਾਂ ਪਤੇ ਦਿੱਤੇ ਹਨ ਜੋ ਜ਼ਿਲ੍ਹਾ ਹੁਸ਼ਿਆਰਪੁਰ, ਜਲੰਧਰ ਅਤੇ ਲੁਧਿਆਣੇ ਨਾਲ ਸਬੰਧਤ ਹਨ। ਇਸ ਲਈ ਸ਼ਾਰਧਾ ਐਕਟ ਨੂੰ ਜ਼ੁੰਮੇਵਾਰ ਦੱਸਿਆ।

ਪ੍ਰੋਫੈਸ਼ਨਲ ਟੈਕਸ ਨੂੰ ਆਦਿ-ਧਰਮੀਆਂ ਨੂੰ ਦਬਾਉਣ ਵਾਲਾ ਦੱਸਿਆ ਕਿ ਜੇ ਉਹ ਆਪਣਾ ਧਰਮ ਹਿੰਦੂ , ਸਿੱਖ, ਇਸਲਾਮ ਦੱਸਣ ਤਾਂ ਇਹ ਟੈਕਸ ਨਹੀ ਲਾਉਦੇ। ਇਸ ਦਾ ਹੱਲ ਦੱਸਦਿਆ ਬਾਬੂ ਮੰਗੂ ਰਾਮ ਮੁਗੋਵਾਲੀਆ ਨੇ ਲਿਖਿਆ ਕਿ ਸਾਨੂੰ ਸ਼ਾਸ਼ਨ ਅਤੇ ਪ੍ਰਸ਼ਾਸ਼ਨ ਵਿੱਚ ਬਣਦਾ ਹੱਕ ਦਿੱਤਾ ਜਾਵੇ ਅਤੇ ਪ੍ਰੋਫੈਸ਼ਨਲ ਟੈਕਸ ਉਗਰਾਹਣ ਦੇ ਅਧਿਕਾਰ ਦੇਣ ਲਈ ਕਿਹਾ। ਤੀਜੀ ਮੰਗ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣ ਲਈ ਕੀਤੀ। ਇਹ ਯਾਦ ਪੱਤਰ ਵੀ ਕਿਸ਼ਨ ਸਟੀਮ ਪ੍ਰੈਸ ਰੇਲਵੇ ਰੋਡ ਜਲੰਧਰ ਸ਼ਹਿਰ ਵਿੱਚ ਛਪਿਆ ਹੈ। ਇਹ ਤਾਂ ਕੁੱਝ ਦਸਤਾਵੇਜ ਜੋ ਆਪ ਦੇ ਸਨਮੁਖ ਰੱਖੇ ਹਨ। ਖੋਜ ਵਿਦਿਆਂਰਥੀਆਂ ਲਈ ਅੱਗੇ ਰੱਖੇ ਹਨ।

## ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਤੇ ਬਣੀਆਂ ਸੰਸਥਾਵਾਂ ਨੂੰ ਬੇਨਤੀ

ਸਾਡੀ ਕੌਮ ਦੇ ਸਿਰਫ ਇੱਕੋ-ਇੱਕ ਮਹਾਨ ਲੀਡਰ, ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆਂ, ਜਿਨ੍ਹਾਂ ਨੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਨੂੰ ਗੁਰੂ ਧਾਰਿਆ ਅਤੇ ਭਗਤ ਰਵਿਦਾਸ ਨੂੰ ਗੁਰੂ ਰਵਿਦਾਸ ਦੀ ਮਾਨਤਾ ਭਾਰਤੀ ਸਮਾਜ ਤੋਂ ਸੰਘਰਸ਼ ਕਰਕੇ ਪ੍ਰਾਪਤ ਕੀਤੀ। ਸ਼੍ਰੀ ਗੁਰੂ ਰਵਿਦਾਸ ਮਹਾਰਾਜ ਦੇ ਨਾਮ ਤੇ ਬਣੀਆਂ ਸੰਸਥਾਵਾਂ ਅਤੇ ਹੋਰਨਾਂ ਸਮਾਜ ਭਲਾਈ ਸੰਸਥਾਵਾਂ ਨੂੰ ਬੇਨਤੀ ਹੈ ਕਿ ਹਰ ਸਾਲ ਬਾਬੂ ਜੀ ਦਾ ਜਨਮ ਦਿਨ ਅਤੇ ਬਰਸੀ ਮਨਾ ਕੇ ਸਾਡੇ ਸਮਾਜ ਦੇ ਇਸ ਚਾਨਣ ਮੁਨਾਰੇ ਦੀ ਮਿੱਠੀ ਯਾਦ ਨੂੰ ਤਾਜ਼ਾ ਰੱਖਣ। ਅੰਤ ਵਿੱਚ ਕਿਸੇ ਸ਼ਾਇਰ ਦੇ ਸ਼ਬਦ ਦੁਹਰਾਉਣਾ ਚਾਹੁੰਦਾ ਹਾਂ।

**"ਨਾਮ ਮੰਗੂ ਰਾਮ ਦਾ ਭੁੱਲਣਾ ਨਹੀਂ ਚਾਹੀਦਾ,**
**ਹੀਰਾ ਅਨਮੋਲ ਮਿੱਟੀ ਵਿੱਚ ਰੁਲਣਾ ਨਹੀ ਚਾਹੀਦਾ"**


ਸਤਿਗੁਰੂ ਕਬੀਰ ਜੀ ਦੇ 627ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

R.R. FINANCE CORP.

ਇਥੇ ਹਰ ਤਰ੍ਹਾਂ ਦੇ ਅਸਾਨ ਕਿਸ਼ਤਾਂ ਤੇ ਘੱਟ ਵਿਆਜ਼ ਦਰ ਤੇ ਲੋਨ ਕੀਤੇ ਜਾਂਦੇ ਹਨ।

ਚੋਪੜਾ ਇੰਟਰਪ੍ਰਾਈਜ਼ਿਜ਼ ਵਾਲੀ ਗਲੀ, ਆਦਮਪੁਰ ਰੋਡ, ਭੋਗਪੁਰ, ਮੋ. 82839-56202

ਚੋਪੜਾ ਇੰਟਰਪ੍ਰਾਈਜ਼ਜ਼

ਪ੍ਰੋਪ : ਤੇਜਿੰਦਰ ਚੋਪੜਾ

ਨੇੜੇ ਰੇਲਵੇ ਫਾਟਕ, ਭੋਗਪੁਰ (ਜਲੰਧਰ), ਮੋ. 70871-50013

ਇਥੇ ਸੀ.ਸੀ.ਟੀ.ਵੀ. ਕੈਮਰੇ ਅਤੇ ਬਿਜਲੀ ਦੇ ਸਾਮਾਨ ਇਨਵਰਟਰ, ਬੈਟਰੀ, ਏ.ਸੀ., ਕੂਲਰ ਨਗਦ ਅਤੇ ਅਸਾਨ ਕਿਸ਼ਤਾਂ 'ਤੇ ਉਪਲਬਧ ਹਨ।

CHOPRA MEDICOSE

ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਾਲੀ ਗਲੀ, ਗੁਰੂ ਨਾਨਕ ਨਗਰ, ਭੋਗਪੁਰ। ਮੋ. 9465186522